18TH OCTOBER 1987.

# ਨਾਨਕ ਧਾਮ

ਅੰਕ: I ਨੰ:2 ਸਚਖੰਡ ਨਾਨਕ ਧਾਮ ਇੰਟਰਨੈਸ਼ਨਲ ਪੰਜਾਬੀ ਮਾਸਕ ਪਤ੍ਰ

## ਮਹਾਰਾਜ ਦਰਸ਼ਨ ਦਾਸ ਜੀ ਵਲੋਂ ਚੁਨੌਤੀ!

# ਕੀ ਤੁਸੀਂ ਸਿੱਖ ਹੋ?

ਅਜ ਦੇ ਇਸ ਨਾਜ਼ੁਕ ਸਮੇਂ ਅੰਦਰ ਸਾਡੇ ਸਭ ਲੋਕਾਂ ਦੀ ਆਪਸੀ ਲੜਾਈ ਨੇ ਅਜੀਬੋ-ਕਰੀਬ ਹੀ ਮਾਰਗ ਅਪਨਾ ਲਿਆ ਹੈ। ਜਿਸ ਤਰ੍ਹਾਂ ਅਜ ਤਕ ਜਿੰਨੀਆਂ ਵੀ ਲੜਾਈਆਂ ਜਾਂ ਝਗੜੇ ਅਸੀਂ ਦੇਖਦੇ ਜਾਂ ਸੁਣਦੇ ਆਏ ਹਾਂ ਉਹਦੇ ਪਿਛੇ ਜੋ ਸਾਡੇ ਲੋਕਾਂ ਦੀ ਆਪਸੀ ਅਸਹਿਮਤੀ ਹੁੰਦੀ ਆਈ ਹੈ। ਉਹ ਸਿਰਫ ਇਕ ਦੂਸਰੇ ਦੇ ਹੱਕਾਂ ਦੀਆਂ ਮੱਲਾਂ ਉਤੇ ਹੁੰਦੀ ਆਈ ਹੈ। ਪਰ ਅਜ ਉਸ ਲੜਾਈ ਨੇ ਕੁਝ ਹੋਰ ਹੀ ਰੂਪ ਧਾਰਨ ਕਰ ਲਿਆ ਹੈ। ਜਿਸ ਤਰ੍ਹਾਂ ਕਿ ਅਸੀਂ ਸਭਨਾਂ ਨੇ ਆਪਣੇ ਆਪਣੇ ਹੱਕਾਂ ਦੇ ਨਾਲ ਨਾਲ ਆਪਣੇ ਆਪ ਨੂੰ ਧਰਮੀ ਸਾਬਤ ਕਰਨ ਦੀ ਜਦੋ ਜਹਿਦ ਅੰਦਰ ਏਨਾਂ ਕੁ ਗੁੰਮਰਾਹ ਕਰ ਲਿਆ ਹੈ ਕਿ ਸਾਨੂੰ ਧਰਮੀ ਹੋਣ ਦੀ ਪਛਾਣ ਤਾਂ ਇਕ ਪਾਸੇ ਰਹੀ ਅਸੀਂ ਆਪਣੇ ਅਸਲ ਸਰੂਪ ਇਨਸਾਨੀਅਤ ਦੀ ਜਾਣਕਾਰੀ ਤੋਂ ਵੀ ਵਾਂਝਿਆਂ ਹੋ ਚੁਕੇ ਹਾਂ। ਸੋ ਇਸ ਦ੍ਰਿਸ਼ਟੀਕੋਨ ਨੂੰ ਮਧੇ ਨਜ਼ਰ ਰਖਦਿਆਂ ਹੋਇਆਂ ਆਉ ਅਜ ਅਸੀਂ ਆਪਣੇ ਆਪ ਨੂੰ ਮਹਾਰਾਜ ਦਰਸ਼ਨ ਦਾਸ ਜੀ ਦੀ ਕਸਵੱਟੀ ਤੇ ਤੋਲੀਏ ਕਿ ਕੀ ਅਸੀਂ ਪੂਰਨ ਸਿਖ ਹਾਂ? ਜਿਸਦੀ ਖਾਤਰ ਅਸੀਂ ਸਮਾਜ ਅੰਦਰ ਵੀ ਤਰਥੱਲੀ ਮਚਾ ਰਖੀ ਹੈ।



ਜਿਸ ਤਰ੍ਹਾਂ ਮਹਾਰਾਜ ਜੀ ਆਪਣੇ ਰੱਬੀ ਅਲਫਾਜ਼ਾਂ ਨੂੰ ਯਸ਼ਵੰਤੀ ਨਿਰਾਧਾਰ ਰਾਹੀਂ ਮੁਖਬੰਦ ਕਰਦੇ ਹੋਏ ਫੁਰਮਾਨ, ਕਰਦੇ ਹਨ:—


**ਯਸ਼ਵੰਤੀ ਨਿਰਾਧਾਰ ਧਾਮ ਪਹਿਲਾ।**

ਸਿਖ ਸੋ ਜੋ ਖਿਮਾ ਵਿਚਾਰੇ,
ਸਿਖ ਸੋ ਜੋ ਪਰਾਇਆ ਹਕ ਨ ਮਾਰੇ।।
ਸਿਖ ਸੋ ਜੋ ਖੋਹ ਕੇ ਨ ਖਾਵੇ,
ਸਿਖ ਸੋ ਜੋ ਹੱਕ ਹਲਾਲ ਵਰਤਾਵੇ।।
ਸਿਖ ਸੋ ਜੋ ਲੋਭ ਲ ਭਾਵੇ,
ਸਿਖ ਸੋ ਜੋ ਵੰਡ ਛਕਾਵੇ।।
ਸਿਖ ਸੋ ਜੋ ਸ਼ਬਦ ਮਨ ਆਵੇ,
ਸਿਖ ਸੋ ਜੋ ਸਤਿਸੰਗਤ ਕਮਾਵੇ।
ਸਿਖ ਸੋ ਜੋ ਸਤਿਗੁਰ ਸ਼ਰਨ ਲਿਵ ਲਾਵੇ,
ਸਿਖ ਸੋ ਜੋ ਆਪ ਜਪੇ ਔਰ ਜਪਾਵੇ।।
ਸਿਖ ਸੋ ਜੋ ਸਹਿਜ ਧਾਰੇ,
ਸਿਖ ਸੋ ਜੋ ਦੁਸ਼ਟ ਮਨ ਮਾਰੇ।।
ਸਿਖ ਸੋ ਜੋ ਧਰਮ ਧਾਰੇ,
ਕਹੁ 'ਦਰਸ਼ਨ' ਸੀਸ ਦੇਹ ਸਿਦਕ ਨ ਹਾਰੇ।।

(ਯਕੀਨ)

ਬਾਕੀ ਦੇਖੋ ਸਫਾ 4

# ਆਸਾਂ



17 ਸਤੰਬਰ ਦਿਨ ਵੀਰਵਾਰ ਨੂੰ ਅੱਸੂ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸੱਚਖੰਡ ਨਾਨਕ ਧਾਮ ਦੇ ਪ੍ਰੇਮੀਆਂ ਵਲੋਂ ਬਰਮਿਗਮ ਡੇਰੇ ਵਿਖੇ ਬੜੇ ਹੀ ਉਤਸ਼ਾਹ ਔਰ ਪ੍ਰੇਮ ਭਾਵਨਾ ਨਾਲ ਮਨਾਇਆ ਗਿਆ। ਸਵੇਰੇ ਦਸ ਗਿਆਰਾਂ ਵਜੇ ਤੋਂ ਹੀ ਬਾਹਰ ਦੇ ਸ਼ਹਿਰਾਂ ਤੋਂ ਕੋਚਾਂ ਰਾਹੀਂ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ। ਠੀਕ ਗਿਆਰਾਂ ਵਜੇ ਅਰਜੋਈ ਨਿਰਾਧਾਰ ਰਾਹੀਂ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਸਭ ਤੋਂ ਪਹਿਲਾਂ ਰੋਚਕ ਗੱਲ ਸੰਗਰਾਂਦ ਦੇ ਸਮਾਗਮ ਤੇ ਇਹ ਵੇਖਣ ਵਿਚ ਆਈ ਕਿ ਵੀਕ ਡੇ ਹੋਣ ਦੇ ਬਾਵਜੂਦ ਵੀ ਸ਼ਰਧਾਲੂਆਂ ਦੇ ਇਕੱਠ ਦਾ ਕੋਈ ਅੰਦਾਜ਼ਾ ਨਹੀਂ ਨਹੀਂ ਸੀ ਔਰ ਫਿਰ ਉਸ ਦੇਸ਼ ਅੰਦਰ ਜਿਥੇ ਲੋਕ ਆਪਣੇ ਬੱਚਿਆਂ ਦੀ ਦੇਖ ਭਾਲ ਲਈ ਵੀ ਵਕਤ ਬਹੁਤ ਕੰਜੂਸੀ ਨਾਲ ਕਢਦੇ ਹਨ। ਸਭ ਤੋਂ ਪਹਿਲੋਂ ਯੁਵਾ ਦਾਸ ਧਰਮ ਦੇ ਹੋਣਹਾਰ ਵਰਕਰ ਦਾਸ ਸੁਰਜੀਤ ਕੌਰ ਦੁਆਰਾ ਕੀਰਤਨ ਕੀਤਾ ਗਿਆ। ਉਸ ਤੋਂ ਉਪਰੰਤ ਲੰਡਨ ਤੋਂ ਦਾਸ ਰਜਿੰਦਰ ਕੌਰ ਜੀ ਨੇ ਆਪਣੇ ਜਥੇ ਸਮੇਤ ਨਿਰੋਲ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਬਾਅਦ ਵਿਚ ਦਾਸ ਭੁਪਿੰਦਰ ਸਿੰਘ ਜੀ ਦੁਆਰਾ ਕੀਰਤਨ ਕੀਤਾ ਗਿਆ। ਉਸ ਤੋਂ ਉਪਰੰਤ ਹਜ਼ੂਰੀ ਰਾਗੀ ਦਾਸ ਹਰਬੰਸ ਕੋਮਲ ਜੀ ਨੇ ਮਹਾਰਾਜ ਜੀ ਦੀ ਰਚਨਾ ਯਸ਼ਵੰਤੀ ਨਿਰਾਧਾਰ ਦੇ ਸ਼ਬਦਾਂ ਦੀ ਕੀਰਤੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਬਾਅਦ ਦੁਪਹਿਰ ਤਕਰੀਬਨ 2.45 ਤੇ ਮਹਾਰਾਜ ਜੀ ਦਾ ਸਤਿਸੰਗ ਸ਼ੁਰੂ ਹੋ ਗਿਆ।

ਅੱਸੂ ਦੇ ਮਹੀਨੇ ਉਪਰ ਮਹਾਰਾਜ ਜੀ ਨੇ ਸੰਗਤਾਂ ਨੂੰ ਸੇਧ ਦਿੰਦਿਆਂ ਹੋਇਆਂ, ਸਾਡੀਆਂ ਉਹਨਾਂ ਆਸਾਂ ਉਮੰਗਾਂ ਤੇ ਚਾਨਣਾ ਪਾਇਆ, ਜਿਨ੍ਹਾਂ ਅੰਦਰ ਅਸੀਂ ਸਭ ਲੋਕ ਬੱਝੇ ਪਏ ਹਾਂ।

1. ਜਿਸ ਤਰ੍ਹਾਂ ਤੁਸੀਂ ਅਨੇਕਾਂ ਆਸਾਂ ਆਪਣੇ ਦਿਲ ਵਿਚ ਲੈ ਕੇ ਪ੍ਰਮਾਤਮਾ ਦੇ ਨਾਮ ਦਾ ਪਾਠ ਪੂਜਾ, ਪੁੰਨ ਦਾਨ, ਵਰਤ ਨੇਮ ਆਦਿਕ ਕਰਦੇ ਹੋ, ਇਸੇ ਤਰ੍ਹਾਂ ਹੀ ਪ੍ਰਮਾਤਮਾ ਨੇ ਵੀ ਕਿਸੇ ਆਸ ਅਨੁਸਾਰ ਤੁਹਾਨੂੰ ਆਪਣੀ ਸ਼ਕਤੀ ਨਾਲ ਸਾਜਿਆ ਹੈ। ਉਹ ਆਸ ਹੈ ਤੁਹਾਡੀ

→4

## ਸੰਪਾਦਕੀ ਨੋਟ

# ਮਹਿਮਾਂ ਹਿੰਦੋਸਤਾਨ ਦੀ



ਜਦੋਂ ਵੀ ਕੋਈ ਸ਼ਾਇਰ ਕਿਸੇ ਸੱਚਾਈ ਦੀ ਸਿਫਤ ਕਰਦਿਆਂ ਹੋਇਆਂ ਆਪਣੀ ਕਲਮ ਰਾਹੀਂ ਇਹ ਜ਼ਿਕਰ ਕਰਦਾ ਹੈ ਕਿ ਮੇਰੇ ਪਾਸ ਕੋਈ ਐਸੇ ਅਲਫਾਜ਼ ਨਹੀਂ ਹਨ ਜਿਸ ਨਾਲ ਮੈਂ ਉਸ ਦੀ ਮਹਿਮਾ ਜਾਂ ਸਿਫਤ ਕਰ ਸਕਾਂ ਤਾਂ ਇਹ ਉਸ ਸ਼ਾਇਰ ਦੀ ਕਲਮ ਦੀ ਕਮਜ਼ੋਰੀ ਹੁੰਦੀ ਹੈ। ਪਰ ਜਿਹੜੀ ਕਲਮ ਆਪਣੀ ਹਿੰਮਤ ਅਤੇ ਉਤਸ਼ਾਹ ਨਾਲ ਸੱਚ ਦੇ ਇਲਹਾਮ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀ ਹੈ ਉਸਦੀ ਸ਼ਲਾਘਾ ਕਰਨ ਤੋਂ ਕੋਈ ਵੀ ਬੁਧੀ ਜੀਵੀ ਗੁਰੇਜ਼ ਨਹੀਂ ਕਰ ਸਕਦਾ।

ਜਿਵੇਂ ਕਿ ਮਹਾਰਾਜ ਦਰਸ਼ਨ ਦਾਸ ਜੀ ਦੀ ਕਲਮ ਨੇ ਵੀ ਆਪਣੀ ਮਾਂ-ਭੂਮੀ ਹਿੰਦੁਸਤਾਨ ਦੀ ਉਪਮਾ ਅੰਦਰ ਉਸਦਾ ਸਾਕਾਰ ਰੂਪ ਪੇਸ਼ ਕੀਤਾ ਹੈ ਜਿਸਦਾ ਇਕ ਇਕ ਅੰਗ ਭਾਵ ਇਕ ਇਕ ਲਫਜ਼ ਆਪਣੀ ਮਹਾਨਤਾ ਜਾਂ ਮਿਆਰ ਨਾਲੋਂ ਜ਼ਿਆਦਾ ਕੁਝ ਸਾਡੇ ਸਾਹਮਣੇ ਬੋਲ ਰਿਹਾ ਹੈ। ਜਦੋਂ ਕਿ ਇਕ ਦੇਸ਼ ਭਗਤ ਵਾਸਤੇ ਆਪਣੀ ਜ਼ਿੰਦਗੀ ਅੰਦਰ ਸਭ ਤੋਂ ਪਿਆਰੀ ਚੀਜ਼ ਆਪਣੇ ਦੇਸ਼ ਪ੍ਰਤੀ ਉਸ ਦੀ ਮਹਿਮਾ ਨੂੰ ਅਲਫਾਜ਼ਾਂ ਅੰਦਰ ਬਿਆਨ ਕਰਨਾ ਅਤਿ ਕਠਿਨ ਹੈ। ਇਸ ਦ੍ਰਿਸ਼ਟੀਕੋਣ ਨੂੰ ਸਾਹਮਣੇ ਰਖਦਿਆਂ ਹੋਇਆਂ ਅਗਰ ਮਹਾਰਾਜ ਦਰਸ਼ਨ ਦਾਸ ਜੀ ਦੇ ਗੀਤ "ਮਹਿਮਾ ਹਿੰਦੋਸਤਾਨ ਦੀ" ਪ੍ਰੋੜਤਾ ਕੀਤੀ ਜਾਵੇ ਭਾਵ ਇਕ ਝਾਤ ਮਾਰੀ ਜਾਵੇ, ਤਾਂ ਇਸਦਾ ਸਬੂਤ ਆਪ ਦੇਣ ਨਾਲੋਂ ਗੀਤ ਦੇ ਖੁਦ ਦਾ ਲਫਜ਼ ਲਫਜ਼ ਅਗਵਾਹੀ ਦਿੰਦਾ ਹੈ। ਜਿਸ ਤਰ੍ਹਾਂ ਉਹਨਾਂ ਆਪਣੇ ਗੀਤ ਦੀ ਪਹਿਲੀ ਸਤਰ ਅੰਦਰ ਹੀ ਆਪਣੀ ਮਾਂ-ਭੂਮੀ ਹਿੰਦੋਸਤਾਨ ਬਾਰੇ ਲਿਖਿਆ ਹੈ, ਕਿ ਮੇਰਾ ਦੇਸ਼ ਬਹੁਤ ਮਹਾਨ ਹੈ, ਉਚਾ ਹੈ, ਗੁਣਾਂ ਦਾ ਭੰਡਾਰ ਹੈ। ਅਗੇ ਸਾਰੇ ਗੀਤ ਅੰਦਰ ਦੇਸ਼ ਦੀ ਮਹਾਨਤਾ ਨੂੰ ਵਖ ਵਖ ਉਦਾਹਰਣਾਂ ਦਿੰਦਿਆਂ ਹੋਇਆਂ ਉਹਨਾਂ ਸਾਬਤ ਕੀਤਾ ਹੈ ਕਿ ਉਹ ਕਿਹਨਾਂ ਕਿਹਨਾਂ ਗੁਣਾਂ ਕਰਕੇ ਮਹਾਨ ਹੈ। ਜਿਸ ਤਰ੍ਹਾਂ ਕਿ ਹਿੰਦੋਸਤਾਨ ਦੀ ਮਹਾਨਤਾ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਸ ਦੇ ਘਰ ਘਰ ਅੰਦਰ ਪ੍ਰਮਾਤਮਾ ਦੇ ਨਾਮ ਦਾ ਯਸ਼ ਹੈ ਭਾਵ ਹਰ ਚੀਜ਼ ਉਹਦੇ ਨਾਮ ਦੀ ਅਰਾਧਨਾ ਤੋਂ ਸ਼ੁਰੂ ਹੁੰਦੀ ਹੈ ਔਰ ਉਹਦੇ ਵੁਸੇਵੇਂ ਕਾਰਨ ਹੀ ਹਰ ਜੀਵ ਦੀ ਬੋਲ ਬਾਣੀ ਅੰਦਰ ਬਹੁਤ ਹੀ ਮਿਠਾਸ ਹੈ। ਸਾਡੇ ਇਸ ਹਿੰਦੋਸਤਾਨ ਦਾ ਅਨਮੋਲ ਖਜਾਨਾ, ਦਇਆ, ਸਤਿ, ਸੰਤੋਖ, ਔਰ ਨਾਮ ਹੈ। ਜਿਸਦੀ ਬਦੌਲਤ ਇਸਨੂੰ ਸਾਰਾ ਜਮਾਨਾ ਭਾਵ ਸੰਸਾਰ ਜਾਣਦਾ ਹੈ, ਔਰ ਇਹੋ ਹੀ ਕਾਰਨ ਹੈ ਕਿ ਇਸ ਉਤੇ ਅਜੇ ਤਕ ਕਿਸੇ ਵੀ ਬਾਹਰੀ ਤਾਕਤ ਦਾ ਜ਼ੋਰ ਚਲ ਨਹੀਂ ਸਕਿਆ ਔਰ ਨਾ ਹੀ ਅਗੋਂ ਕਿਸੇ ਦਾ ਚਲ ਹੀ ਪਾਏਗਾ। ਇਸਦੇ ਆਪਣੇ ਖੁਦ ਦੇ ਖਿਆਲਾਤ ਏਨੇ ਉਚੇ ਔਰ ਸੁਚੇ ਹਨ ਕਿ ਉਹ ਸਭਨਾਂ ਨੂੰ ਬਗੈਰ ਕਿਸੇ ਦਵੈਤ ਭਾਵਨਾ ਦੇ ਆਪਣੇ ਭਰਾਵਾਂ ਦੇ ਤੌਰ ਤੇ ਸਨਮਾਨ ਦਿੰਦਾ ਹੈ। ਸੋ ਇਹਨਾਂ ਗੁਣਾਂ ਸਦਕਾ ਇਸਨੂੰ ਸ਼ੇਰੇ-ਪੰਜਾਬ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੀਆਂ ਪ੍ਰੰਪਰਾਵਾਂ ਦੁਨੀਆਂ ਤੋਂ ਇਲਾਹੀ ਹਨ ਭਾਵ ਉਚੀਆਂ ਹਨ ਜਿਸ ਕਰਕੇ ਸਾਰੀ ਦੁਨੀਆਂ ਇਸਦੀ ਦੀਵਾਨੀ ਬਣੀ ਬੈਠੀ ਹੈ।

ਇਸ ਦੇਸ਼ ਦੀ ਮਿੱਟੀ ਭਾਵ ਖਲਕਤ ਜਾਂ ਵਸ਼ਿੰਦੇ ਹਰ ਥਾਂ ਤੇ ਤਰੱਕੀਆਂ ਦੇ ਰਾਹਾਂ ਤੇ ਚਲਦੇ ਹੋਏ ਹੱਸਦੇ ਖੇਡਦੇ ਮੌਜਾਂ ਮਾਣ ਰਹੇ ਹਨ, ਕਿਉਂਕਿ ਇਥੇ ਖੁਦ ਰੱਬ ਆਪ ਵਸ ਰਿਹਾ ਹੈ। ਇਸ ਅੰਦਰ ਹਿੰਦੂ, ਮੁਸਲਮਾਨ, ਸਿੱਖ, ਈਸਾਈ - ਭਾਵ ਚਹੁੰ ਵਰਨਾਂ ਦੇ ਲੋਕ ਇਕਠੇ ਰਲ ਮਿਲ ਕੇ ਰਹਿ ਰਹੇ ਹਨ ਔਰ ਸੱਚ, ਸਿਦਕ, ਸਾਧ ਸੰਗਤ, ਸ਼ਹਾਦਤ, ਸਰਬੱਤ ਦਾ ਭਲਾ, ਦੇ ਗੁਣਾਂ ਰਾਹੀਂ ਜ਼ਰੂਰਤ ਮੰਦਾਂ ਦੀ ਪੂਜਾ ਕਰ ਰਹੇ ਹਨ। ਸਭਨਾਂ ਦੇ ਅਧਿਆਤਮਿਕ ਜਾਂ ਸੱਚ ਦੇ ਮਾਰਗ ਤੇ ਚਲਣ ਦਾ ਮੂਲ ਕਾਰਨ ਇਹ ਹੈ ਕਿ ਇਸ ਅੰਦਰ ਪ੍ਰਮਾਤਮਾ ਦੀ ਰਹਿਮਤ ਸਦਕਾ ਮਾਂ ਗੰਗਾ ਦਾ ਵਹਾਉ ਹੈ। ਇਥੋਂ ਦੇ ਲੋਕਾਂ ਦਾ ਕਰਮ ਸੱਚ, ਸਿਦਕ, ਸਾਧ-ਸੰਗਤ, ਸਰਬੱਤ ਦਾ ਭਲਾ, ਸ਼ਹਾਦਤ ਹੈ ਔਰ ਧਰਮ ਦਇਆ, ਸਤਿ, ਸੰਤੋਖ, ਨਾਮ ਹੈ। ਸਮਾਜ ਦੀ ਸ਼ਰ੍ਹਾ ਪ੍ਰਤੀ ਲਾਜ ਭਾਵ ਸ਼ਰਮ, ਇਹਨਾਂ ਦੀ ਸੋਭਾ ਹੈ। ਜਿਸ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਇਥੋਂ ਦੀਆਂ ਜ਼ਿਆਦਾਤਰ ਔਰਤਾਂ ਹਮੇਸ਼ਾਂ ਸਿਰ ਢਕ ਕੇ ਰੱਖਦੀਆਂ ਹਨ। ਇਸਦੇ ਅੰਦਰ ਸਭ ਬੱਚੇ ਅਤੇ ਜਵਾਨ ਉਚ ਨੀਚਤਾ ਤੋਂ ਉਪਰ ਉਠਕੇ, ਰਲ ਮਿਲਕੇ ਬੜੇ ਪਿਆਰ ਨਾਲ ਇਕ ਦੂਸਰੇ ਦਾ ਸੁਖ-ਦੁੱਖ ਵੰਡਾਉਂਦੇ ਹਨ। ਸਾਡੇ ਇਸ ਦੇਸ਼ ਦੇ ਵਾਲੀ ਭਾਵ ਮਾਲਕ ਗੁਰੂ ਗੋਬਿੰਦ ਸਿੰਘ ਜੀ ਹਨ। ਜੋ ਮਜ਼੍ਹਬ ਪ੍ਰਸਤੀ ਅੰਦਰ ਖੱਚਤ ਹੋਏ ਲੋਕਾਂ ਨੂੰ ਇਨਸਾਨੀਅਤ ਦੀ ਰੋਸ਼ਨੀ ਰਾਹੀਂ ਜਾਗ੍ਰਿਤ ਕਰ ਗਏ ਹਨ। ਜਿਸਦੇ ਫਲਸਰੂਪ ਉਸਦੀ ਅਜ ਕੋਈ ਵੀ ਜਾਤ-ਪਾਤ ਦੀ ਸਰਹੱਦ ਨਹੀਂ ਹੈ। ਸਾਡੇ ਇਸ ਦੇਸ਼ ਅੰਦਰ ਹਿੰਦੂ ਧਰਮ ਦੀ ਖਾਤਿਰ ਗੁਰੂ ਤੇਗ ਬਹਾਦਰ ਜੀ ਵਰਗੀਆਂ ਮਹਾਨ ਹਸਤੀਆਂ ਨੇ ਦਿੱਲੀ ਵਿਖੇ ਆਪਣਾ ਸੀਸ ਨਿਛਾਵਰ ਕਰ ਦਿਤਾ। ਜਿਸ ਸਦਕਾ ਅਜ ਅਸੀਂ ਉਹਨਾਂ ਨੂੰ ਹਿੰਦ ਦੀ ਚਾਦਰ ਦੇ ਨਾਮ ਅੰਦਰ ਸਤਿਕਾਰਦੇ ਹਾਂ। ਇਸਦੀ ਮਹਾਨਤਾ ਨੂੰ ਮੁਖ ਰਖਦਿਆਂ ਹੋਇਆਂ, ਸਾਡੇ ਗੁਰੂਆਂ ਨੇ ਉਸ ਵਕਤ ਆਪਣੇ ਸਰਬੰਸ ਭਾਵ ਪ੍ਰਵਾਰ ਤਕ ਇਸਦੀ ਖਾਤਰ ਵਾਰ ਦਿਤੇ ਜਦ ਕਿ ਮੁਗਲ ਬਾਦਸ਼ਾਹਾਂ ਦੁਆਰਾ ਹਿੰਦੀ ਦੀ ਮਾਸੂਸ ਜਨਤਾ ਉਤੇ ਅਤਿਆਚਾਰ ਕੀਤਾ ਜਾ ਰਿਹਾ ਸੀ।

ਇਹ ਉਹ ਧਰਤੀ ਹੈ ਜਿਸਦੇ ਮਾਲਕ ਕ੍ਰਿਸ਼ਨ ਮਹਾਰਾਜ ਜੀ ਵਰਗੇ ਪੈਗੰਬਰ ਵੀ ਹੋਏ ਹਨ, ਜਿਨ੍ਹਾਂ ਕੰਸ ਵਰਗੇ ਨਿਰਦਈ ਜਾਲਮਾਂ ਦਾ ਇਕ ਛਿੰਨ ਅੰਦਰ ਖਾਤਮਾ ਕਰ ਦਿਤਾ। ਜਿਸ ਕਰਕੇ ਅਜ ਵੀ ਇਸਦੇ ਜ਼ਰੇ ਜ਼ਰੇ ਅੰਦਰ ਪ੍ਰਮਾਤਮਾ ਦਾ ਵਾਸ ਮਹਿਸੂਸ ਹੋ ਰਿਹਾ ਹੈ।

ਆਖਿਰ ਵਿਚ ਸ਼ਾਂਤੀ ਦੇ ਪੁੰਜ ਮਹਾਰਾਜ ਦਰਸ਼ਨ ਦਾਸ ਜੀ ਆਪਣੀ ਦੇਸ਼ ਭਗਤੀ ਦੀ ਭਾਵਨਾ ਦੇ ਸਿਖਰ ਨੂੰ ਛੂੰਹਦਿਆਂ ਹੋਇਆਂ ਗੁਣਾਂ ਦੇ ਭੰਡਾਰ ਹਿੰਦੋਸਤਾਨ ਨਾਲ ਆਪਣੀਆਂ ਅੰਦਰ ਦੀਆਂ ਸਾਂਝਾਂ ਨੂੰ ਇਕਮਿਕ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਮੇਰਾ ਦਿਲ ਹਿੰਦੋਸਤਾਨ ਦਾ ਦਿਲ ਹੈ ਔਰ ਹਿੰਦੋਸਤਾਨ ਦਾ ਦਿਲ ਮੇਰਾ ਦਿਲ ਹੈ। ਇਸ ਦੀ ਮਹਾਨਤਾ ਬਾਰੇ ਫਿਰ ਲਿਖਦੇ ਹਨ ਕਿ ਮੇਰੇ ਦੇਸ਼ ਤੇ ਅਜ ਤਕ ਕਿਸੇ ਵੀ ਸ਼ੈਤਾਨ ਦੇ, ਭਾਵ ਦੇਸ਼ ਨੂੰ ਹੜਪ ਕਰ ਜਾਣ ਵਾਲੀ ਦੁਸ਼ਟ ਨੀਤੀ ਵਾਲੇ ਦੁਸ਼ਮਣ ਦੇ ਪੈਰ ਨਹੀਂ ਟਿਕ ਸਕੇ। ਅਗਰ ਕਿਤੇ ਕੋਈ ਐਸਾ ਸਮਾਂ ਆ ਗਿਆ ਤਾਂ ਅਸੀਂ ਆਪਣੇ ਵਤਨ ਦੀ ਖਾਤਰ "ਆਪਣਾ ਸੀਸ ਤਕ" ਵਾਰਨ ਤੋਂ ਵੀ ਗੁਰੇਜ਼ ਨਹੀਂ ਕਰਾਂਗੇ।

ਸੋ ਮਹਾਰਾਜ ਦਰਸ਼ਨ ਦਾਸ ਜੀ ਦੇ ਗੀਤ "ਮਹਿਮਾ ਹਿੰਦੋਸਤਾਨ ਦੀ" ਉਪਰੋਕਤ ਕੀਤੇ ਗਏ ਮੁਲਾਂਕਣ ਭਾਵ ਵਿਆਖਿਆ ਤੋਂ ਕੋਈ ਵੀ ਮਨੁੱਖ ਜਿਸ ਅੰਦਰ ਕੋਈ ਥੋੜਾ ਵੀ ਇਨਸਾਨੀਅਤ ਦਾ ਬੀਜ ਹੈ, ਉਹ ਆਪਣੇ ਦੇਸ਼ ਹਿੰਦੋਸਤਾਨ ਦੇ ਨਾਲ ਗਦਾਰੀ ਕਰਨਾਂ ਤਾਂ ਇਕ ਪਾਸੇ ਰਿਹਾ - ਬਲਕਿ ਕਦੇ ਉਹਦੀ ਕਿਸੇ ਦੇਸ਼ ਧਰੋਹੀ ਪਾਸੋਂ ਨਿੰਦਿਆ ਤਕ ਵੀ ਨਹੀਂ ਸੁਣ ਸਕੇਗਾ। ਸੋ ਆਉ ਅਜ ਅਸੀਂ ਸਭ ਹਿੰਦੋਸਤਾਨੀ ਰਲ ਮਿਲਕੇ ਮੋਢੇ ਨਾਲ ਮੋਢਾ ਜੋੜਕੇ ਵਤਨ ਦੀ ਮਹਾਨਤਾ ਨੂੰ ਬਰਕਰਾਰ ਰਖਣ ਲਈ ਯੋਗਦਾਨ ਪਾਈਏ ਕਿਉਂਕਿ ਕਿਤੇ ਐਸਾ ਨਾ ਹੋਵੇ ਕਿ ਸਾਡੇ ਗੁਰੂ, ਪੀਰਾਂ, ਪੈਗੰਬਰਾਂ, ਦੇਸ਼ ਭਗਤਾਂ ਦੀਆਂ, ਇਸਦੀ ਖਾਤਰ ਦਿਤੀਆਂ ਗਈਆਂ ਸ਼ਹੀਦੀਆਂ ਦੀਆਂ ਯਾਦਾਂ ਹੀ ਧੁੰਦਲੀਆਂ ਪੈ ਜਾਵਣ।

**ਸੰਪਾਦਕ**

# ਐ ਅੱਜ ਦੇ ਨੌਜਵਾਨ ਆਪਣੀ ਹੈਸੀਅਤ ਪਛਾਣ!

ਨੌਜਵਾਨ ਪੀੜ੍ਹੀ ਦਾ ਭਵਿਖ ਦਿਨ ਪ੍ਰਤੀ ਦਿਨ ਗਿਰਦਾ ਜਾ ਰਿਹਾ ਹੈ। ਅਗਰ ਇਸਦੀ ਜਲਦੀ ਨਾਲ ਕੋਈ ਰੋਕ ਥਾਮ ਨਾ ਕੀਤੀ ਗਈ ਤਾਂ ਹੋ ਸਕਦਾ ਹੈ ਕਿ ਇਕ ਦਿਨ ਐਸਾ ਆ ਜਾਵੇਗਾ ਕਿ ਮਨੁੱਖਤਾ ਦਾ ਸਾਰੇ ਦਾ ਸਾਰਾ ਹੀ ਸਮਾਜਿਕ ਢਾਂਚਾ ਬਰਬਾਦ ਹੋ ਜਾਵੇ। ਅਜ ਦੇ ਨੌਜਵਾਨ ਦੇ ਸਮਾਜਿਕ ਚਰਿਤਰ ਦੀ ਗਿਰਾਵਟ ਦੀ ਜ਼ਿੰਮੇਂਵਾਰੀ ਜਿਹੜੀ ਕਿ ਉਸਦੇ ਖੁਦ ਦੇ ਸਿਰ ਤੇ ਆਉਂਦੀ ਹੈ, ਉਸ ਕਮਜ਼ੋਰੀ ਦਾ ਸਭ ਤੋਂ ਵੱਡਾ ਕਾਰਨ ਉਸਨੂੰ ਸਹੀ ਮਾਰਗ ਦਰਸ਼ਨ ਨਾ ਮਿਲਣਾ ਹੈ। ਜਿਸ ਤਰ੍ਹਾਂ ਕਿ ਸਭ ਤੋਂ ਪਹਿਲਾ ਕਰਤੱਵ, ਇਕ ਮਾਂ ਦਾ ਬਣਦਾ ਹੈ ਕਿ ਉਹ ਬੱਚੇ ਨੂੰ ਗਰਭ ਤੋਂ ਲੈ ਕੇ ਜਵਾਨੀ ਤਕ ਐਸੀ ਸਿਖਿਆ ਦੇਵੇ ਕਿ ਜਿਸਦੇ ਨਾਲ ਉਸਦੇ ਜੀਵਨ ਦੀ ਨੀਂਹ, ਦਿਨੋ ਦਿਨ ਮਜ਼ਬੂਤ ਹੁੰਦੀ ਚਲੀ ਜਾਵੇ। ਇਥੋਂ ਤਕ ਕਿ ਭਵਿਖ ਵਿਚ ਇਸ ਉਤੇ ਉਸਰਨ ਵਾਲੀ ਇਨਸਾਨੀਅਤ ਦੀ ਇਮਾਰਤ ਨੂੰ ਬਾਹਰੀ ਤੂਫਾਨ ਵੀ ਨੁਕਸਾਨ ਨਾ ਪਹੁੰਚਾ ਸਕਣ ਭਾਵੇਂ ਤੂਫਾਨਾਂ ਅੰਦਰ ਝਟਕਾ ਲਗਣਾ ਸੁਭਾਵਕ ਹੀ ਹੈ। ਇਸ ਨੂੰ ਮੁੱਖ ਰਖਕੇ ਅਗਰ ਇਤਿਹਾਸ ਵਲ ਨਜ਼ਰ ਮਾਰੀ ਜਾਏ ਤਾਂ ਅਨੇਕਾਂ ਹੀ ਐਸੀਆਂ ਉਦਾਹਰਣਾਂ ਮਿਲਦੀਆਂ ਹਨ। ਜਿਨਾਂ ਅੰਦਰ ਇਕ ਮਾਂ ਨੇ ਆਪਣੀ ਔਲਾਦ ਦੇ ਸਮਾਜਿਕ ਜੀਵਨ ਨੂੰ ਆਪਣੇ ਦੇਸ਼ ..... ਔਰ ਪ੍ਰਮਾਤਮਾ ਪ੍ਰਤੀ ਏਨੀ ਮਜਬੂਤੀ ਦਿਤੀ ਹੈ ਕਿ ਉਹਨਾਂ ਦੇ ਕਮਾਏ ਹੋਏ ਕਰਮਾਂ ਦਾ ਸਦਕਾ ਅਜ ਵੀ ਅਸੀਂ ਉਹਨਾਂ ਨੂੰ ਯਾਦ ਕਰ ਰਹੇ ਹਾਂ।

ਜਿਸ ਤਰ੍ਹਾਂ ਕਿ ਜਿਥੇ ਲਛਮਣ ਨੂੰ ਉਹਦੀ ਮਾਂ ਦੁਆਰਾ ਦਿਤੀ ਗਈ ਸਿਖਿਆ ਉਸਦੇ ਜੀਵਨ ਕਾਲ ਅੰਦਰ ਕੰਮ ਆਈ ਉਥੇ ਅਭਿਮਨੂੰ ਨੇ ਆਪਣੀ ਮਾਂ ਦੇ ਗਰਭ ਅੰਦਰ ਰਹਿੰਦਿਆਂ ਹੋਇਆਂ ਚਕਰਵਿਊ ਨੂੰ ਤੋੜਨ ਦੀ ਸਿਖਿਆ ਹਾਸਲ ਕੀਤੀ। ਅਗਰ ਕੋਈ ਮਾਂ ਨਿੱਜੀ ਸਵਾਰਥ ਜਾਂ ਹੋਰ ਕਿਸੇ ਕਮਜ਼ੋਰੀ ਦੀ ਖਾਤਰ ਆਪਣੀ ਮਮਤਾ ਤੋਂ ਗਿਰਨ ਕਰਕੇ ਬੱਚੇ ਨੂੰ ਸਹੀ ਯੋਗਦਾਨ ਪਾਉਣ ਵਿਚ ਅਸਮਰਥ ਹੋ ਜਾਵੇ ਤਾਂ ਉਸ ਤੋਂ ਬਾਅਦ ਸਕੂਲ ਔਰ ਸਮਾਜਿਕ ਵਾਤਾਵਰਨ ਦਾ ਪ੍ਰਭਾਵ ਬੱਚੇ ਤੇ ਬਹੁਤ ਮਹੱਤਤਾ ਰਖਦਾ ਹੈ। ਜਨ ਸੁਧਾਰ ਵਾਸਤੇ ਤਾਂ ਇਕ ਸੱਚਾਈ ਮਾਤਰ ਦੀ ਝਲਕ ਹੀ ਕਾਫੀ ਹੁੰਦੀ ਹੈ। ਜਿਸ ਤਰ੍ਹਾਂ ਕਿ ਸਾਡੇ ਅਵਤਾਰਾਂ, ਗੁਰੂਆਂ, ਨਬੀਆਂ ਨੂੰ ਪ੍ਰਮਾਤਮਾ ਦੀ ਇਕ ਖਿਨ ਭੀਤਰ ਝਲਕ ਨੇ ਹੀ ਸਮਾਜ ਸੁਧਾਰਕ ਬਣਾ ਦਿਤਾ। ਸੋ ਜਿਸ ਤਰ੍ਹਾਂ ਸ੍ਰੀ ਰਾਮ ਚੰਦਰ ਜੀ ਬਨਵਾਸ ਗਏ ਤਾਂ ਉਹ ਵੀ ਨੌਜਵਾਨ ਸਨ। ਕ੍ਰਿਸ਼ਨ ਮਹਾਰਾਜ ਨੇ ਜਵਾਨੀ ਦੀ ਅਵਸਥਾ ਵਿਚ ਹੀ ਕੰਸ ਦੇ ਦੁਰਵਿਵਹਾਰ ਦਾ ਮੁਕਾਬਲਾ ਕੀਤਾ, ਗੁਰੂ ਨਾਨਕ ਸਾਹਿਬਾਨ ਨੇ ਨੌਜਵਾਨ ਆਯੂ ਦੌਰਾਨ ਹੀ ਸੱਚਾ ਸੌਦਾ ਕੀਤਾ, ਮੁਹੰਮਦ ਸਾਹਿਬ ਨੇ ਵੀ ਇਸ ਅਵਸਥਾ ਅੰਦਰ ਹੀ ਮਿਸ਼ਨ ਦਾ ਪਰਚਾਰ ਕੀਤਾ, ਕਰਾਈਸਟ ਨੇ ਵੀ ਜਦ ਆਪਣਾ ਥੋੜੇ ਸਮੇਂ ਅੰਦਰ ਮਿਸ਼ਨ ਪੂਰਾ ਕਰਕੇ ਸੱਚਾਈ ਰੂਪੀ ਸੂਲੀ ਚੁੰਮੀ ਤਾਂ ਉਹ ਵੀ ਉਸ ਵਕਤ ਨੌਜਵਾਨ ਹੀ ਸਨ, ਗੁਰੂ ਗੋਬਿੰਦ ਸਿੰਘ ਜੀ ਦੇ ਕਹਿਣ ਤੇ ਜਦੋਂ ਉਹਨਾਂ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੀਸ ਦਿਤਾ ਤਾਂ ਉਹਨਾਂ ਵੀ ਉਸ ਵਕਤ ਹਾਲੇ ਜਵਾਨੀ ਦੇ ਪੜਾਅ ਅੰਦਰ ਪ੍ਰਵੇਸ਼ ਹੀ ਕੀਤਾ ਸੀ।

ਮਗਰ ਅਜ ਦੇ ਸਮੇਂ ਅੰਦਰ ਨੌਜਵਾਨ ਪੀੜ੍ਹੀ ਨੂੰ ਚੰਦ ਰਾਜਨੀਤਕ ਲੀਡਰਾਂ ਅਤੇ ਧਰਮ ਰਖਵਾਲਿਆਂ ਰਾਹੀਂ ਗੁੰਮਰਾਹ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਕਿ ਇਕ ਦੇਸ਼ ਦੀ ਸਰਕਾਰ ਦੂਸਰੀ ਸਰਕਾਰ ਨੂੰ ਨੀਵਾ ਦਿਖਾਉਣ ਲਈ ਨੌਜਵਾਨ ਪੀੜ੍ਹੀ ਦੀਆਂ ਜੁਸ਼ੀਲੀਆਂ ਭਾਵਨਾਵਾਂ ਦੀ ਦੁਰਵਰਤੋਂ ਕਰਨ ਤੋਂ ਗੁਰੇਜ਼ ਤਕ ਨਹੀਂ ਕਰਦੀ, ਜਿਸ ਸਦਕਾ ਉਹਨਾਂ ਦੀ ਬੁਨਿਆਦ ਦਿਨੋ ਦਿਨ ਖੋਖਲੀ ਹੁੰਦੀ ਜਾ ਰਹੀ ਹੈ। ਅਜ ਦਾ ਨੌਜਵਾਨ ਇਨ੍ਹਾਂ ਕਾਰਨਾਂ ਕਰਕੇ ਉਸ ਜਗ੍ਹਾ ਤੇ ਪਹੁੰਚ ਚੁਕਾ ਹੈ ਕਿ ਜੇਕਰ ਉਸਨੂੰ ਜੀਵਨ ਸੁਧਾਰ ਵਾਸਤੇ ਕਿਸੇ ਮਹਾਂਪੁਰਖ ਦੀ ਕੋਈ ਜੀਵਨ ਗਾਥਾ ਸੁਣਾਈ ਜਾਂਦੀ ਹੈ ਤਾਂ ਉਹ ਉਸਨੂੰ ਇਕ ਸਾਧਾਰਨ ਕਹਾਣੀ ਦੇ ਤੌਰ ਤੇ ਵਿਸਾਰ ਦਿੰਦਾ ਹੈ। ਉਹ ਇਹ ਭੁਲ ਜਾਂਦਾ ਹੈ ਕਿ ਮਹਾਂਪੁਰਖਾਂ ਦੀ ਜੀਵਨ ਗਾਥਾ ਅਸਲ ਵਿਚ ਉਸਦੇ ਜੀਵਨ ਦੀਆਂ ਮੂਲ ਨੀਂਹਾਂ ਹਨ ਕਿਉਂਕਿ ਉਹ ਮਹਾਂਪੁਰਖਾਂ ਦੇ ਨਕਸ਼ੇ ਕਦਮਾਂ ਨੂੰ ਛਡਕੇ ਝੂਠੇ ਦੁਨਿਆਵੀ ਰਸਾਂ ਦਾ ਅਨੰਦ ਮਾਨਣਾ ਚਾਹੁੰਦਾ ਹੈ। ਅਜ ਦੇ ਵਿਗਿਆਨਕ ਯੁਗ ਦੇ ਆਰਜੀ ਚਮਤਕਾਰਾਂ ਨੇ ਅਜ ਦੀ ਨੌਜਵਾਨ ਪੀੜ੍ਹੀ ਦੀਆਂ ਅੱਖਾਂ ਤੇ ਝੂਠ ਦਾ ਪੜਦਾ ਪਾ ਰਖਿਆ ਹੈ ਜੋ ਕਿ ਉਹਨਾਂ ਵਿਗਿਆਨਕਾਂ ਨੂੰ ਬੁਧੀ ਦੇਣ ਵਾਲੇ ਮਹਾਂਪੁਰਸ਼ਾਂ ਦੇ ਉਪਦੇਸ਼ਾਂ ਤੋਂ ਕੰਨੀ ਕਤਰਾ ਰਹੇ ਹਨ। ਉਹ ਅਜ ਇਹ ਭੁਲ ਚੁਕੇ ਹਨ ਕਿ ਇਹਨਾਂ ਨੂੰ ਸੁਮੱਤ ਦੇਣ ਵਾਲਾ ਪ੍ਰਮਾਤਮਾ ਹੀ ਹੈ। ਸ਼ਾਇਦ ਉਹ ਇਹ ਵੀ ਭੁੱਲ ਚੁਕੇ ਹਨ ਕਿ **ਜਿਥੇ ਜੱਗ ਹੈ, ਉਥੇ ਰੱਬ ਨਹੀਂ, ਮਗਰ ਜਿਥੇ ਰੱਬ ਹੈ, ਉਥੇ ਜੱਗ ਜ਼ਰੂਰ ਹੈ।** ਸੋ ਸੰਸਾਰ ਅੰਦਰ ਐਸੀ ਜਾਗ੍ਰਿਤੀ ਪੈਦਾ ਕਰਨ ਲਈ **"ਮਹਾਰਾਜ ਦਰਸ਼ਨ ਦਾਸ ਜੀ" ਸੱਚਖੰਡ ਨਾਨਕ ਧਾਮ ਰਾਹੀਂ ਦਾਸ ਧਰਮ ਦੀ ਸੱਚ ਦੀ ਆਵਾਜ਼** ਦੁਆਰਾ ਅਥਾਹ ਯੋਗਦਾਨ ਪਾ ਰਹੇ ਹਨ। ਜਿਸ ਸਦਕਾ ਸਾਡਾ ਭਵਿਖ ਜੋ ਅਜ ਦੇ ਬੱਚੇ ਹਨ, ਆਪਣੀਆਂ ਆਉਣ ਵਾਲੀਆਂ ਕਲ੍ਹ ਦੀਆਂ ਜ਼ਿੰਮੇਂਵਾਰੀਆਂ ਦਾ ਅਹਿਸਾਸ ਕਰ ਸਕਣ ਕਿ ਉਹਨਾਂ ਦੇ ਮੋਢਿਆਂ ਤੇ ਦੇਸ਼ ਅਤੇ ਸਮਾਜ ਦਾ ਕਿਹੜਾ ਬੋਝ ਪੈਣਾ ਹੈ? ਜਿਸ ਦੇਸ਼ ਜਾਂ ਸਮਾਜ ਦੀ ਨੌਜਵਾਨ ਪੀੜ੍ਹੀ ਆਪਣੇ ਖੁਦ ਦੇ ਪੈਰਾਂ ਤੇ ਖੜੀ ਹੋ ਜਾਂਦੀ ਹੈ ਉਸਦਾ ਭਵਿਖ ਸਦਾ ਵਾਸਤੇ ਰੋਸ਼ਨ ਹੋ ਜਾਂਦਾ ਹੈ। ਇਸ ਲਈ ਮਹਾਰਾਜ ਦਰਸ਼ਨ ਦਾਸ ਜੀ ਨੌਜਵਾਨਾਂ ਨੂੰ ਖਾਸ ਤੌਰ ਤੇ ਤਾਮਸਿਕ ਭੋਜਨਾਂ ਦੀ ਮਨਾਹੀ ਕਰਦੇ ਹਨ। ਉਹ ਆਪਣੇ ਉਪਦੇਸ਼ ਅੰਦਰ, ਇਨਸਾਨ ਨੂੰ ਉਸਦੀ ਹੈਸੀਅਤ ਤੋਂ ਜਾਣੂੰ ਕਰਵਾਉਂਦਿਆਂ ਹੋਇਆਂ ਜਾਗ੍ਰਿਤੀ ਦੇ ਰਹੇ ਹਨ ਕਿ ਜਦੋਂ ਪ੍ਰਮਾਤਮਾ ਦੇ ਦਿਤੇ ਹੋਏ ਖਾਣਿਆਂ ਤੇ ਇਕ ਜਾਨਵਰ ਸੰਤੁਸ਼ਟ ਹੈ ਤਾਂ ਤੁਸੀਂ ਉਹਦੀ ਕੀਤੀ ਹੋਈ ਰਹਿਮਤ ਦੁਆਰਾ ਬਖਸ਼ਿਆਂ ਹੋਇਆਂ ਖਾਣਿਆਂ ਤੇ, ਸੰਤੁਸ਼ਟ ਕਿਉਂ ਨਹੀਂ ਹੋ?

ਸੋ ਆਉ ਅਸੀਂ ਸਾਰੇ ਜਾਤਾਂ ਪਾਤਾਂ, ਰੰਗ ਨਸਲਾਂ, ਧਰਮਾਂ ਦੇ ਨਖੇੜਿਆਂ ਨੂੰ ਛਡ ਕੇ ਮਹਾਰਾਜ ਦਰਸ਼ਨ ਦਾਸ ਜੀ ਦੁਆਰਾ ਦਰਸਾਏ ਗਏ ਮਾਰਗ ਉਪਰ ਚਲਦੇ ਹੋਏ ਅੱਜ ਦੀਆਂ ਸਭ ਕੁਰੀਤੀਆਂ ਨੂੰ ਖਤਮ ਕਰਕੇ ਇਕ ਨਵੇਂ ਸਮਾਜ ਦੀ, ਮਹਾਰਾਜ ਦਰਸ਼ਨ ਦਾਸ ਜੀ ਦੀ ਰਹਿਨੁਮਾਈ ਥੱਲੇ ਸਿਰਜਨਾ ਕਰੀਏ, ਭਾਵ ਕਿ ਨੌਜਵਾਨ ਪੀੜ੍ਹੀ ਵਾਸਤੇ ਇਕ ਐਸੀ ਬੁਨਿਆਦ ਤਿਆਰ ਕਰ ਦੇਈਏ ਕਿ ਆਉਣ ਵਾਲੇ ਸਮੇਂ ਅੰਦਰ, ਜਿਸ ਉਤੇ ਇਨਸਾਨੀਅਤ ਦੀ ਇਮਾਰਤ ਸ਼ਸ਼ੋਭਤ ਹੋ ਸਕੇ।

ਵਲੋਂ
ਦਾਸ ਮਾਨ ਸਿੰਘ
ਨਿਜੀ ਸਕੱਤਰ ਮਹਾਰਾਜ ਦਰਸ਼ਨ ਦਾਸ ਜੀ
(ਦਿੱਲੀ, ਇੰਡੀਆ)

## ਮੇਰਾ ਸੋਹਣਾ ਦੇਸ਼ ਪੰਜਾਬ



### ਰੁਬਾਈ

ਹੀਰ ਸਲੇਟੀ ਦਾ ਆਸ਼ਕ ਨਹੀਂ ਮੈਂ,
ਨਾ ਸੋਹਣੀ ਦਾ ਮਤਵਾਲਾ।
ਸਜਣੋ ਇਹਨਾਂ ਆਸ਼ਕਾਂ ਨਾਲੋਂ,
ਮੇਰਾ ਰਾਹ ਨਿਰਾਲਾ।

### ਗੀਤ

ਮੈਂ ਪੰਜਾਬੀ ਫੁਲ ਗੁਲਾਬੀ
ਪੁਤਲਾ ਹਾਂ ਇਨਸਾਨ ਦਾ।
ਪਲਿਆ ਵਿਚ ਪੰਜਾਬ ਪਿਆਰੇ
ਰਾਖਾ ਹਿੰਦੋਸਤਾਨ ਦਾ।

ਮੇਰੇ ਦੇਸ਼ ਦੇ ਵੀਰਾਂ ਨੇ
ਜਦ ਵੈਰੀ ਦੇ ਗਲ ਪੈਣਾ।
ਹਥੀਂ ਆਪਣੇ ਤੋਰ ਦੇਣਗੀਆਂ
ਵਾਂਗ ਭਗਤ ਸਿੰਘ ਦੀਆਂ ਭੈਣਾਂ।

ਗੌਰਵ ਮੈਨੂੰ ਨਲੂਏ ਦੀ ਸੰਤਾਨ ਦਾ,

ਪਲਿਆ ਵਿਚ ਪੰਜਾਬ ਪਿਆਰ
ਰਾਖਾ ਹਿੰਦੋਸਤਾਨ ਦਾ।

ਊਧਮ ਸਿੰਘ ਦੇ ਵੀਰ ਅਸੀਂ ਹਾਂ,
ਜਾਨਾਂ ਦੇ ਕੇ ਜੀਉਂਦੇ।
ਹਸ ਹਸ ਜਾਮ ਸ਼ਹੀਦੀਆਂ ਵਾਲੇ,
ਲਾਜਪਤ ਜਿਹੇ ਪੀਤੇ।

ਸਾਹਮਣਾ ਕਰਦੇ ਸਿਰ ਤੇ ਆਏ ਤੂਫਾਨ ਦਾ।
ਪਲਿਆ ਵਿਚ ਪੰਜਾਬ ਪਿਆਰੇ,
ਰਾਖਾ ਹਿੰਦੋਸਤਾਨ ਦਾ।

ਕਰਤਾਰ ਸਿੰਘ ਸਰਾਭੇ ਅਣਖ ਦੀ ਖਾਤਰ,
ਸੂਲੀ ਚੁੰਮ ਦਿਖਾਈ।
ਭਗਤ ਸਿੰਘ, ਸੁਖਦੇਵ, ਗੁਰੂ,
ਹਸ ਗਲ ਫਾਂਸੀ ਪਾਈ।

ਮਾਣ ਸੀ ਰਖਿਆ ਤਿਰੰਗੇ ਦੀ ਸ਼ਾਨ ਦਾ,
ਕਰਨੈਲ ਪਲਿਆ ਵਿਚ ਪੰਜਾਬ ਪਿਆਰੇ
ਰਾਖਾ ਹਿੰਦੋਸਤਾਨ ਦਾ।

# ਕੀ ਤੁਸੀਂ ਸਿੱਖ ਹੋ?

ਸੋ ਇਸ ਵਿਸ਼ੇ ਤੇ ਚਰਚਾ ਕਰਨ ਤੋਂ ਪਹਿਲੋਂ ਸਿੱਖ ਲਫਜ਼ ਦੇ ਸ਼ਬਦੀ ਅਰਥਾਂ ਤੋਂ ਜਾਨਣਾ ਸਾਡੇ ਲਈ ਅਤੀ ਜ਼ਰੂਰੀ ਹੈ। ਸਿੱਖ ਲਫਜ਼ ਅਸਲ ਵਿਚ ਬਨਾਰਸ ਕਾਂਸ਼ੀ ਦੇ ਇਲਾਕੇ ਦਾ ਪ੍ਰਚਲਤ ਲਫਜ਼ ਹੈ। ਜਿਸ ਤੋਂ ਭਾਵ ਹੈ ਸ਼ਿਸ਼, ਆਗਿਆਕਾਰੀ, ਚੇਲਾ, ਸ਼ਾਗਿਰਦ ਆਦਿ, ਜੋ ਕਿ ਸਭ ਆਪਣੇ ਆਪਣੇ ਢੰਗਾਂ ਨਾਲ ਇਲਾਕੇ ਮੁਤਾਬਕ ਲਫਜ਼ ਸਵਾਰੇ ਗਏ ਹਨ। ਰੂਹਾਨੀ ਤੌਰ ਤੇ ਜਾਂ ਧਰਮ ਪਖੋਂ ਅਸਲ ਸਿੱਖ ਅਖਵਾਉਣ ਦਾ ਉਹ ਜੀਵ ਹੱਕਦਾਰ ਹੈ ਜਿਸਦੀ ਆਤਮਾ, ਪਤੀ ਰੂਪੀ ਪ੍ਰਮਾਤਮਾ ਦੀ ਹੋ ਜਾਂਦੀ ਹੈ। ਭਾਵ ਜਿਸ ਵਿਚੋਂ ਮਜ਼੍ਹਬ ਪ੍ਰਸਤੀ ਦੇ ਭਿੰਨ ਭੇਦ, ਆਪਣੇ ਪਰਾਏ ਦੇ ਭੇਦ ਭਾਵ ਖਤਮ ਹੋ ਜਾਂਦੇ ਹਨ ਔਰ ਰੂਹ ਦੇਹ ਦੇ ਬੰਧਨਾਂ, ਚੌਰਾਸੀ ਦੇ ਜੇਲ੍ਹ ਖਾਨੇ ਤੋਂ ਛੁਟਕਾਰਾ ਹਾਸਿਲ ਕਰ ਲੈਂਦੀ ਹੈ ਜਾਂ ਅਸਲ ਸਿੱਖ ਉਹ ਹੈ ਜਿਹੜਾ ਜਿਉਂਦੇ ਜੀਅ ਆਪਣੇ ਆਪ ਨੂੰ ਪ੍ਰਮਾਤਮਾ ਨਾਲ ਮਿਲਾ ਲਵੇ। ਜਿਸ ਤਰ੍ਹਾਂ ਕਿ ਗੁਰੂ ਨਾਨਕ ਘਰ ਵਿਚ ਜੇ ਅਸੀਂ ਸਿੱਖ ਵੇਖੀਏ ਤਾਂ ਗੁਰੂ ਨਾਨਕ ਸਾਹਿਬ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਪੂਰਨ ਸਿੱਖ ਹੋਏ ਔਰ ਉਹਨਾਂ ਇਸ ਹੈਸੀਅਤ ਮੁਤਾਬਕ ਗੁਰੂ ਪਦਵੀ ਹਾਸਿਲ ਕਰ ਲਈ। ਅਗੇ ਗੁਰੂ ਅਮਰਦਾਸ ਜੀ ਸਿੱਖ ਬਣੇ, ਗੁਰੂ ਰੂਪ ਧਾਰਨ ਕਰ ਲਿਆ। ਇਸ ਤਰ੍ਹਾਂ ਦਸ ਗੁਰੂਆਂ ਤੋਂ ਇਲਾਵਾ ਅਗੇ ਹੋਰ ਵੀ ਜੋ ਗੁਰੂ ਮਹਾਰਾਜ ਦੀ ਸ਼ਰਨ ਵਿਚ ਆਏ, ਉਹਨਾਂ ਨੇ ਵੀ ਸਿੱਖੀ ਰੂਪ ਧਾਰਨ ਕਰ ਲਿਆ। ਪਰ ਅਸੀਂ ਆਮ ਸਾਧਾਰਨ ਲੋਕ ਨਾਨਕ ਘਰ ਦੇ ਸੇਵਾਦਾਰ ਬਣ ਸਕਦੇ ਹਾਂ ਸਿੱਖ ਨਹੀਂ। ਬਾਕੀ ਸਿੱਖ ਦੀ ਕੋਈ ਖਾਸ ਬਾਹਰੀ ਪੋਸ਼ਾਕ, ਕੋਈ ਉਹਦਾ ਪਹਿਰਾਵਾ ਨਹੀਂ ਹੈ ਜਾਂ ਉਸਦਾ ਕੋਈ ਬਾਹਰੀ ਸਰੂਪ ਨਹੀਂ ਹੈ। ਅਸਲ ਸਿੱਖ ਸਿਰਫ ਉਹ ਜੀਵ ਹੋ ਸਕਦੇ ਹਨ ਜਿਹੜੇ ਆਪਣੇ ਮਾਲਕ ਦੀ ਦਿਤੀ ਹੋਈ ਵਸਤੂ ਨੂੰ, ਉਸਦੇ ਦਿਤੇ ਹੋਏ ਹਰ ਸਰੂਪ ਨੂੰ ਸਤਿ ਕਰਕੇ ਜਾਨਣ ਅਤੇ ਉਸ ਦੇ ਭੇਜੇ ਹੋਏ ਸੁਨੇਹੇ ਨੂੰ ਖੁਸ਼ੀ ਸਹਿਤ ਪ੍ਰਵਾਨ ਕਰਨ, ਚਾਹੇ ਉਸਦੀ ਖਾਤਰ ਸਭ ਕੁਝ ਵੀ ਕਿਉਂ ਨਾ ਜਾਂਦਾ ਹੋਵੇ।

ਸੋ ਐਸੇ ਜੀਵ ਉਹਦੇ ਘਰ ਅੰਦਰ ਸਿੱਖੀ ਸਰੂਪ 'ਚ ਪ੍ਰਵਾਨ ਹੁੰਦੇ ਹਨ। ਬਾਕੀ ਦੇ ਅਸੀਂ ਸਾਰੇ ਲੋਕ ਗੁਰੂ ਨਾਨਕ ਘਰ ਦੇ ਸੇਵਕ ਤਾਂ ਹੋ ਸਕਦੇ ਹਾਂ - ਸਿੱਖ ਨਹੀਂ ਕਿਉਂਕਿ ਸਿੱਖ ਸਰੂਪ ਅਸਲ ਪ੍ਰਭੂ ਭਗਤ ਸਰੂਪ ਹੁੰਦਾ ਹੈ।

ਜੇਕਰ ਇਹ ਸੋਚਿਆ ਜਾਏ ਕਿ ਸਿੱਖ ਸਰੂਪ ਦੀ ਉਤਪਤੀ ਗੁਰੂ ਨਾਨਕ ਘਰ ਤੋਂ ਹੀ ਹੋਈ ਹੈ ਤਾਂ ਸਾਡੀ ਇਹ ਮੂਰਖਤਾਈ ਔਰ ਕਮ ਅਕਲੀ ਦਾ ਬਹੁਤ ਵਡਾ ਸਬੂਤ ਹੈ, ਕਿਉਂਕਿ ਇਹ ਤਾਂ ਪੁਰਾਤਨ ਕਾਲ ਤੋਂ ਹੀ ਚਲਦਾ ਆਇਆ ਹੈ ਜਿਸਦੀ ਅਗਵਾਈ ਸਾਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਰਾਹੀਂ ਮਿਲਦੀ ਹੈ।

ਸੁਣ ਪ੍ਰਤਾਪੁ ਕਬੀਰੁ ਦਾ,
ਦੂਜਾ ਸਿੱਖ ਹੋਆ ਸੈਣੁ ਨਾਈ।।

ਬਾਕੀ ਅਸੀਂ ਲੋਕ ਜਗੀ ਤੌਰ ਤੇ ਇਸ ਸਰੂਪ ਨੂੰ ਆਪਣੇ ਅਰਥਾਂ ਮੁਤਾਬਕ ਕਈ ਢੰਗਾਂ ਰਾਹੀਂ ਪੇਸ਼ ਕਰਦੇ ਹਾਂ। ਮਗਰ ਇਸ ਪਿਛੇ ਕੀ ਸੱਚਾਈ ਹੈ? ਇਸ ਬਾਬਤ ਸਾਨੂੰ ਕਿਸੇ ਨੂੰ ਵੀ ਕੁਝ ਨਹੀਂ ਪਤਾ। ਜਦੋਂ ਕਿ ਸੱਚਾਈ ਦੇ ਪਖੋਂ ਵੇਖਿਆ ਜਾਵੇ ਤਾਂ ਅਸੀਂ ਚੰਦਰਮਾ ਤਕ ਨੂੰ ਵੀ ਉਸ ਪ੍ਰਮਾਤਮਾ ਦਾ ਸਿੱਖ ਕਹਿਵਣ ਤੋਂ ਮੁਨਕਰ ਨਹੀਂ ਹੋ ਸਕਦੇ ਕਿਉਂਕਿ ਉਸ ਅੰਦਰ ਵੀ ਉਹ ਸਭ ਗੁਣ ਹਨ ਜੋ ਉਪਰ ਸੱਚੇ ਸਿੱਖ ਬਾਬਤ ਦਰਸਾਏ ਗਏ ਹਨ। ਇਸੇ ਤਰ੍ਹਾਂ ਹੀ ਅਗਰ ਅਸੀਂ ਸੂਰਜ, ਅੱਗ, ਹੱਵਾ, ਮਿੱਟੀ , ਪਾਣੀ, ਅਕਾਸ਼ ਨੂੰ ਵੀ ਇਸ ਕਸਵਟੀ ਤੇ ਤੋਲੀਏ ਤਾਂ ਇਹਨਾਂ ਦੇ ਗੁਣ ਵੀ ਸਚੇ ਸਿੱਖ ਹੋਣ ਦੀ ਅਗਵਾਈ ਦਿੰਦੇ ਹਨ। ਇਥੋਂ ਤਕ ਕਿ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਵੀ ਅਸੀਂ ਸਿੱਖ ਆਖ ਸਕਦੇ ਹਾਂ। ਜਿਨ੍ਹਾਂ ਨੇ ਆਪਣੇ ਵਕਤ ਮੁਤਾਬਕ ਸਰੀਰ ਧਾਰਨ ਕਰਦਿਆਂ ਹੋਇਆਂ ਵੀ ਰੱਬ ਨਾਲ ਆਪਣੀ ਅਟੈਚਮੈਂਟ ਰਖੀ ਅਤੇ ਦੂਨੀਆਂ ਦੀਆਂ ਉਹਨਾਂ ਚੀਜ਼ਾਂ ਨੂੰ ਵੀ ਸਾਡੇ ਨਾਲ ਚਲਾਇਆ ਜਿਹੜੀਆਂ ਕਿ ਸਾਡੇ ਨਾਲ ਕਦੇ ਵੀ ਚਲਣ ਦੇ ਹੱਕਦਾਰ ਨਹੀਂ ਸਨ। ਪਰ ਅਸੀਂ ਆਮ ਲੋਕ ਸਿੱਖ ਅਖਵਾਉਣ ਦੇ ਉਨਾਂ ਚਿਰ ਹੱਕਦਾਰ ਨਹੀਂ ਬਣ ਸਕਦੇ ਜਿਨਾਂ ਚਿਰ ਅਸੀਂ ਆਪਣੇ ਆਪਣੇ ਜੀਵਨ ਦੀ ਡੋਰ ਉਸ ਵਿਧਾਤਾ ਹਥ ਨਹੀਂ ਦੇ ਦਿੰਦੇ, ਜਦੋਂ ਕਿ ਹਾਲੇ ਸਾਡੀਆਂ ਡੋਰਾਂ ਆਪਣੀਆਂ ਆਪਣੀਆਂ ਜ਼ਰੂਰਤਾਂ ਦੇ ਹਥਾਂ ਵਿਚ ਹਨ। ਜਿਸ ਤਰ੍ਹਾਂ ਕਿ ਪ੍ਰਮਾਤਮਾ ਨੇ ਸਾਨੂੰ ਜਿਨਾਂ ਵੀ ਦੁਨਿਆਵੀ ਵਸਤੂਆਂ ਜਾਂ ਸੁਖਾਂ ਦਾ ਸਾਜੋ-ਸਾਮਾਨ ਬਖਸ਼ਿਸ਼ ਕੀਤਾ ਉਹ ਸਿਰਫ ਸਾਡੀ ਸਰੀਰਿਕ ਜ਼ਰੂਰਤ ਅੁਰ ਭੁਖ ਦੀ ਪੂਰਤੀ ਵਾਸਤੇ ਦਿਤਾ, ਪਰ ਅਸਾਂ ਲੋਕਾਂ ਨੇ ਆਪਣੀਆਂ ਮਾੜੀਆਂ ਆਦਤਾਂ ਕਾਰਨ ਕਰਕੇ ਉਸ ਭੁੱਖ ਨੂੰ ਇਕ ਤਮ੍ਹਾਂ ਦੇ ਰੂਪ ਵਿਚ ਬਦਲ ਦਿਤਾ। ਜਿਸ ਦੇ ਫਲ ਸਰੂਪ ਸਾਡੀ ਕਿਸੇ ਵੀ ਮੰਗ ਦੀ ਪੂਰਤੀ ਹੋਣੀ ਅਸੰਭਵ ਹੈ। ਉਸ ਤਮ੍ਹਾਂ ਦਾ ਵਧ ਜਾਣਾ ਸਿਰਫ ਸਾਡੀਆਂ ਬਾਹਰੀ ਝੂਠੀਆਂ ਹੈਸੀਅਤਾਂ ਨੂੰ ਕਾਇਮ ਕਰਨ ਦੇ ਦਿਨ ਰਾਤ ਦੇ ਮਾੜੇ ਚੰਗੇ ਉਪਰਾਲੇ ਹਨ। ਸੋ ਸਾਨੂੰ ਸਭਨਾਂ ਨੂੰ ਆਪਣੀਆਂ ਝੂਠੀਆਂ ਹੈਸੀਅਤਾਂ ਨੂੰ ਵਿਸਾਰ ਕੇ ਉਸ ਪ੍ਰਮਾਤਮਾ ਦੀ ਹੈਸੀਅਤ ਨੂੰ ਸਨਮਾਨਦੇ ਹੋਏ ਉਸ ਮੁਤਾਬਕ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਸ ਰਾਹੀਂ ਅਸੀਂ ਗੁਰੂ ਨਾਨਕ ਘਰ ਦੇ ਸੇਵਾਦਾਰ ਤੋਂ ਉਸਦੇ ਸੱਚੇ ਸਿੱਖ ਬਣ ਸਕਦੇ ਹਾਂ। ਮਗਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੀਵ ਦਲਦਲਾਂ ਵਿਚੋਂ ਨਿਕਲੇ ਕਿਸ ਤਰ੍ਹਾਂ? ਕਿਉਂਕਿ ਇਸਨੇ ਆਪਣੇ ਆਪ ਨੂੰ ਜੱਗੀ ਚਲਾਕੀਆਂ, ਚਤੁਰਾਈਆਂ ਦੇ ਕਾਰਨ ਮੂਰਖਤਾਈਆਂ ਦੇ ਕਾਰਨ ਮੂਰਖਤਾਈ ਦੀ ਦਲਦਲ ਵਿਚ ਇਸ ਤਰ੍ਹਾਂ ਫਸਾ ਲਿਆ ਹੈ ਜਿਸ ਤਰ੍ਹਾਂ ਕਿ ਇਕ ਸ਼ਹਿਦ ਦੀ ਮੱਖੀ ਪਿਆਲੇ ਵਿਚੋਂ ਸ਼ਹਿਦ ਖਾਣ ਲਈ, ਆਪਣੀ ਬੇਸਬਰੀ ਦੇ ਕਾਰਨ, ਕਿਨਾਰੇ ਤੇ ਬੈਠਣ ਦੀ ਜਗ੍ਹਾ ਪਿਆਲੇ ਦੇ ਵਿਚਕਾਰ ਬੈਠਕੇ, ਸ਼ਹਿਦ ਵਿਚ ਆਪਣੇ ਆਪ ਨੂੰ ਖਭੋ ਲੈਂਦੀ ਹੈ। ਜਿਸ ਕਾਰਨੇ ਉਸਦਾ ਉਥੋਂ ਆਪ ਖੁਦ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਹੀ ਸਾਡੀ ਵੀ ਕੋਈ ਚਲਾਕੀ, ਕੋਈ ਸਿਆਣਪ, ਜਾਂ ਅਕਲ ਰੱਬ ਅਗੇ ਕੰਮ ਨਹੀਂ ਆਉਂਦੀ। ਜਿਸ ਤਰ੍ਹਾਂ ਗੁਰਬਾਣੀ ਵੀ ਫੁਰਮਾਨ ਕਰਦੀ ਹੈ ਕਿ:—

**ਮਾਧੋ ਹਮ ਐਸੇ ਤੂ ਐਸਾ,**
**ਹਮ ਮੂਰਖ ਤੁਮ ਚਤੁਰ ਸਿਆਣੇ,**
**ਤੂ ਸਰਬ ਕਲਾ ਕਾ ਗਿਆਤਾ।।**

ਸੋ ਇਸ ਕਰਕੇ ਤੁਸੀਂ ਸਭ ਲੋਕ ਆਪਣੀਆਂ ਚਲਾਕੀਆਂ ਚਤੁਰਾਈਆਂ ਨੂੰ ਵਿਸਾਰਦੇ ਹੋਏ ਮਹਾਰਾਜ ਦਰਸ਼ਨ ਦਾਸ ਜੀ ਦੁਆਰਾ ਦਰਸਾਈ ਗਈ ਕਸਵੱਟੀ ਮੁਤਾਬਕ ਆਪਣੇ ਆਪ ਨੂੰ ਢਾਲਕੇ ਇਕ ਸੱਚੇ ਸਿੱਖ ਬਣਨ ਦੀ ਕੋਸ਼ਿਸ਼ ਕਰੋ ਜਿਸ ਨਾਲ ਤੁਹਾਨੂੰ ਅਸਲ ਆਨੰਦ ਹਾਸਿਲ ਹੋਵੇਗਾ। ਭਾਵ ਤੁਹਾਡਾ ਇਹ ਸੱਚ ਦਾ ਮਾਰਗ ਤੁਹਾਡੇ ਜੀਵਨ ਨੂੰ ਉਚਾ, ਸੁੱਚਾ ਅਤੇ ਹਿੰਮਤਵਾਲਾ ਬਣਾ ਦੇਵੇਗਾ ਔਰ ਉਹ ਸੱਚਾ ਮਾਰਗ ਜੋ ਹੈ, ਉਹ ਹੈ, ਕਿਸੇ ਸੰਤ ਜਨ, ਪੂਰਨ ਪੁਰਖ ਜਾਂ ਨਾਮੀ ਪੁਰਖ ਦਾ ਸਾਥ ਅਤੇ ਤੁਹਾਡੀ ਆਪਣੀ ਉਸ ਪਿਤਾ ਪ੍ਰਮਾਤਮਾ ਪ੍ਰਤੀ ਭੁਖ ਜਾਂ ਤਾਂਘ, ਜਿਸ ਸਦਕਾ ਤੁਹਾਡੇ ਉਹਦੇ ਨਾਲ ਪਿਆਰ ਅਤੇ ਸੁੱਖ ਦੇ ਸਾਧਨ ਪੈਦਾ ਹੋ ਸਕਣ।

ਵਲੋਂ:
ਸੰਪਾਦਕੀ ਬੋਰਡ

# ਆਸਾਂ

ਆਤਮਾ ਅਤੇ ਪ੍ਰਮਾਤਮਾ ਦੇ ਮਿਲਾਪ ਦੀ। ਜਿਸ ਦਰਮਿਆਨ ਤੁਹਾਡੇ ਮਨ ਦੀਆਂ ਜ਼ਰੂਰਤਾਂ ਨੇ ਰੁਕਾਵਟਾਂ ਖੜੀਆਂ ਕੀਤੀਆਂ ਹੋਈਆਂ ਹਨ।

2. ਜਿੰਨੇ ਵੀ ਤੁਹਾਡੇ ਧਰਮ ਸਥਾਨ ਹਨ ਇਹ ਸਿਰਫ ਤੁਹਾਡੇ ਆਖਰੀ ਵਕਤਾਂ ਦੇ ਸੁਧਾਰ ਲਈ ਹਨ ਜਾਂ ਗਤੀਆਂ ਵਾਸਤੇ ਹਨ ਨਾ ਕਿ ਮੁਕਤੀ ਦੇ ਸਥਾਨ ਹਨ। ਮੁਕਤੀ ਦਾ ਸਥਾਨ ਕੇਵਲ ਸੰਤ ਸ਼ਰਨ ਔਰ ਨਾਮ ਹੀ ਹੈ।

3. ਜਿਤਨੇ ਵੀ ਤੁਸਾਂ ਲੋਕਾਂ ਬਾਹਰੀ ਤੌਰ ਤੇ, ਮਜ਼ਹਬਾਂ ਕੌਮਾਂ ਦੇ ਨਾਵਾਂ ਤੇ, ਆਪਸ ਦਰਮਿਆਨ ਫਿਤਨੇ ਤਫਰਕੇ, ਦੂਰੀਆਂ ਜਾਂ ਵੰਡਾਂ ਪਾ ਰਖੀਆਂ ਹਨ, ਇਹ ਸਾਰੀਆਂ ਦੀਆਂ ਸਾਰੀਆਂ ਤੁਹਾਡੇ ਮਨ ਦੀਆਂ ਆਸਾਂ ਦੀ ਬਦੌਲਤ ਹਨ। ਕਿਉਂਕਿ ਪ੍ਰਮਾਤਮਾ ਦਾ ਫਿਤਨਾ ਸਿਰਫ ਇਕ ਹੀ ਹੈ। ਉਹ ਹੈ ਤੁਹਾਡੀ ਆਤਮਾ ਅਤੇ ਪ੍ਰਮਾਤਮਾ ਦੇ ਦਰਮਿਆਨ ਦੀਆਂ ਦੂਰੀਆਂ ਦਾ।

4. ਅਸੀਂ ਆਪਣੇ ਕੰਮ ਤਾਂ ਸਵਾਰਨਾ ਚਾਹੁੰਦੇ ਹਾਂ, ਪਰ ਆਪਣੇ ਕਰਮ ਨੂੰ ਕਦੇ ਨਹੀਂ ਸਵਾਰਦੇ। ਕਿਉਂਕਿ ਕੰਮ ਅਤੇ ਕਰਮ ਵਿਚ ਬਹੁਤ ਅੰਤਰ ਹੈ। ਕੰਮ ਤੁਸੀਂ ਆਪਣੇ ਲਈ ਕਰਦੇ ਹੋ ਔਰ ਕਰਮ ਤੁਹਾਨੂੰ ਦੂਸਰੇ ਲਈ ਕਰਨਾ ਪਵੇਗਾ।

5. ਪ੍ਰਮਾਤਮਾ ਦੇ ਘਰ ਦਾ ਹੋਕਾ ਦਿੰਦਿਆਂ ਹੋਇਆਂ ਉਹਨਾਂ ਫੁਰਮਾਨ ਕੀਤਾ ਕਿ ਮੇਰਾ ਰੱਬ ਆਖਦਾ ਹੈ, "ਹੇ ਬੰਦਿਉ ਤੁਸੀਂ ਮੇਰੀ ਬੰਦਗੀ ਕਰੋ, ਮੈਂ ਤੁਹਾਡੇ ਰਾਹਵਾਂ ਦੀਆਂ ਸਭ ਔਕੜਾਂ ਔਰ ਬੁਰਾਈਆਂ ਦੂਰ ਕਰ ਦਿਆਂਗਾ।

- ਜਦੋਂ ਤੁਸੀ ਮੇਰੇ ਉਤੇ ਯਕੀਨ ਲੈ ਆਵੋਗੇ ਤਾਂ ਮੈਂ ਤੁਹਾਡੇ ਜਮਾਂ ਦੇ ਹਰ ਫੰਧੇ ਨੂੰ ਤੋੜ ਦੇਵਾਂਗਾ, ਜਿਹੜੇ ਕਿ ਅੰਤ ਵੇਲੇ ਤੁਹਾਡੇ ਗਲਾਂ ਵਿਚ ਪੈਣੇ ਹਨ।
- ਜੇ ਤੁਸੀਂ ਮੇਰੇ ਉਪਰ ਪੂਰੀ ਆਸ ਰਖੋਗੇ ਤਾਂ ਮੈਂ ਤੁਹਾਡੀ ਹਰ ਆਸ ਪੂਰੀ ਕਰਾਂਗਾ। ਪਰ ਜੇ ਤੁਸੀਂ ਮੇਰੀ ਆਸ ਛੱਡਕੇ, ਦੂਜੇ ਪਾਸੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ, ਆਸਾਂ ਰਖਣ ਲਗ ਪਵੋਗੇ ਤਾਂ ਤੁਸੀਂ ਆਪਣਾ ਅਮਨ ਖੋ ਬੈਠੋਗੇ।

6. ਪ੍ਰਮਾਤਮਾ ਦੇ ਸਿਮਰਨ ਦਾ ਜੋ ਸੱਚਾ ਮਾਰਗ ਹੈ, ਉਸਨੂੰ ਅਪਨਾਉ। ਜਿਸ ਨਾਲ ਤੁਹਾਡਾ ਬਾਹਰੀ ਭੇਖ ਤੁਹਾਡੇ ਤੋਂ ਦੂਰ ਹੋ ਸਕੇ। ਉਹ ਭੇਖ ਤੁਹਾਡੇ ਬਾਹਰਲੇ ਖਿਆਲਾਤਾਂ ਦੇ ਬਾਹਰਲੀਆਂ ਪੁਸ਼ਾਕਾਂ ਦੇ, ਬਾਹਰਲੀਆਂ ਭਾਸ਼ਾਵਾਂ ਦੇ ਅਤੇ ਤੁਹਾਡੇ ਬਾਹਰਲੇ ਲੈਣ ਦੇਣ ਦੇ ਹਨ।

7. ਮੇਰਾ ਦਾਤਾ ਆਖਦਾ ਹੈ ਕਿ "ਜੋ ਮੇਰੇ ਦਾਸ ਦਯਾ ਦਾ ਰੂਪ ਧਾਰਨ ਕਰ ਲੈਣਗੇ ਤਾਂ ਮੈਂ ਉਹਨਾਂ ਨੂੰ ਉਹ ਚੀਜ਼ ਦੇਵਾਂਗਾ, ਜਿਹੜੀ ਕਦੇ ਵੀ ਉਹਨਾਂ ਪਾਸੋਂ ਖਤਮ ਨਹੀਂ ਹੋਵੇਗੀ। ਉਹ ਦਯਾ ਹੈ ਪਰ ਉਹ ਦਯਾ ਤੁਸੀਂ ਦੂਸਰਿਆਂ ਤੇ ਕਰਨੀ ਹੈ, ਆਪਣੇ ਆਪ ਤੇ ਨਹੀਂ ਕਿਉਂਕਿ ਜੇ ਤੁਸੀਂ ਦੂਸਰੇ ਤੇ ਦਯਾ ਕਰਦੇ ਹੋ ਤਾਂ ਤੁਹਾਡੀ ਉਹ ਦਯਾ ਪ੍ਰਮਾਤਮਾ ਦੇ ਅਧੀਨ ਹੋ ਜਾਂਦੀ ਹੈ।

ਸਤਿਸੰਗ ਤੋਂ ਬਾਅਦ ਮਹਾਰਾਜ ਜੀ ਨੇ ਉਹਨਾਂ ਦੇ ਦਰ ਤੇ ਆਏ ਹੋਏ ਸਵਾਲੀਆਂ ਦੀਆਂ ਆਪਣੀ ਰੂਹਾਨੀ ਛੁਹ ਦੁਆਰਾ ਝੋਲੀਆਂ ਭਰੀਆਂ, ਭਾਵ ਦੁਖੀਆਂ ਦੇ ਦੁਖ ਨਿਵਾਰਨ ਕੀਤੇ। ਸਾਰਾ ਦਿਨ ਗੁਰੂ ਕਾ ਅਤੁੱਟ ਲੰਗਰ ਵਰਤਿਆ।

**ਖੁਦ ਕਿਸੇ ਕੋਲੋਂ ਸਤਿਕਾਰ ਮੰਗਣਾ ਤੁਹਾਡੀ ਖੁਦੀ ਹੈ ਤੁਹਾਡਾ ਲਾਲਚ ਹੈ, ਆਪਣੇ ਨੇਕ ਕਰਮਾਂ ਰਾਹੀਂ ਕਿਸੇ ਦਾ ਦਿਲ ਜਿੱਤੋ ਜਿਸ ਨਾਲ ਤੁਹਾਨੂੰ ਆਪਣੇ ਆਪ ਸਤਿਕਾਰ ਮਿਲੇ।**

●


**ਨਾਰੀ ਨੀਰ ਹੈ, ਨਾਰੀ ਤਕਦੀਰ ਹੈ ਔਰ ਨਾਰੀ ਹੀ ਮੁਲਕ ਦੀ ਤਸਵੀਰ ਹੈ।**

●

**ਲੋੜ ਰੋਂਦੀ ਹੈ, ਗਰਜ ਲੜਦੀ ਹੈ, ਪਿਆਰ ਕੁਰਬਾਨੀ ਹੈ।**

**ਮਹਾਰਾਜ ਦਰਸ਼ਨ ਦਾਸ**

# "ਗੁਰੂ ਮਾਨਿਓ ਗ੍ਰੰਥ"



ਜਦ ਇਕ ਜੀਵ ਕਹਿੰਦਾ ਹੈ ਕਿ ਮੈਂ ਗੁਰੂ ਗ੍ਰੰਥ ਸਾਹਿਬ ਦੇ ਇਲਾਵਾ ਕਿਸੇ ਹੋਰ ਨੂੰ ਨਹੀਂ ਮੰਨਦਾ ਤਾਂ ਉਸਦੇ ਬਿਆਨਾਂ ਨੂੰ ਸੁਣਕੇ ਬਹੁਤ ਖੁਸ਼ੀ ਹੁੰਦੀ ਹੈ ਕਿ ਇਹ ਜੀਵ ਕਿੰਨਾ ਮਹਾਨ ਹੈ, ਜੋ ਗੁਰੂ ਗਰੰਥ ਸਾਹਿਬ ਦੇ ਉਪਦੇਸ਼ ਦੇ ਇਲਾਵਾ ਕਿਸੇ ਨੂੰ ਨਹੀਂ ਮੰਨਦਾ। ਪਰ ਜਦੋਂ ਉਸ ਜੀਵ ਨੂੰ ਮਜ਼ਬਾਂ ਕੌਮਾਂ ਦੇ ਝੰਝਟਾਂ ਵਿਚ ਫਸੇ ਹੋਏ ਨੂੰ ਨਾਅਰੇ ਲਗਾਉਂਦੇ ਹੋਏ ਦੇਖਦੇ ਹਾਂ, ਬੋਲੀ ਦੇ ਝਗੜਿਆਂ 'ਚ ਪਏ ਹੋਏ ਦੇਖਦੇ ਹਾਂ, ਰੱਬੀ ਇਸ਼ਟਾਂ ਦੇ ਉਤੇ ਇਕ ਦੂਜੇ ਤੇ ਦੂਸ਼ਣਬਾਜ਼ੀਆਂ ਲਗਾਉਂਦੇ ਜਾਂ ਮਾਰਦੇ ਹੋਏ ਦੇਖਦੇ ਹਾਂ, ਸ਼ਰਾਬਾਂ-ਕਬਾਬਾਂ ਦੇ ਜ਼ਸ਼ਨਾਂ ਅੰਦਰ ਖੱਚਤ ਹੋਏ ਦੇਖਦੇ ਹਾਂ, ਤਾਂ ਬੜੀ ਹੈਰਾਨੀ ਹੁੰਦੀ ਹੈ ਅਤੇ ਸੋਚਦੇ ਹਾਂ ਕਿ ਇਹ ਆਦਮੀ ਹੁਣ ਗੁਰੂ ਗ੍ਰੰਥ ਸਾਹਿਬ ਦੇ ਕਿਹੜੇ ਪੰਨੇ ਤੇ ਅਮਲ ਕਰਦਾ ਹੋਇਆ ਇਹ ਕੁਕਰਮ ਕਰ ਰਿਹਾ ਹੈ? ਜਦੋਂ ਕਿ ਉਹ ਇਕ ਪਾਸੇ ਦਾਅਵਾ ਕਰਦਾ ਹੈ ਕਿ ਮੈਂ ਕਿਸੇ ਦੇਹਧਾਰੀ ਗੁਰੂ ਨੂੰ ਨਹੀਂ ਮੰਨਦਾ, ਸਿਵਾਇ ਇਕ ਗੁਰੂ ਗ੍ਰੰਥ ਸਾਹਿਬ ਦੇ। ਪਰ ਦੂਜੇ ਪਾਸੇ ਉਹ ਆਪਣੇ ਗੁਰੂ ਦੀ ਅਵਾਜ ਨੂੰ ਦਬਾ ਕੇ ਮਜ਼ਬਾਂ ਕੌਮਾਂ ਦੇ ਝਗੜਿਆਂ ਨੂੰ ਖੜਾ ਕਰ ਰਿਹਾ ਹੈ ਜਦ ਗੁਰੂ ਸਾਹਿਬ ਤਾਂ ਫੁਰਮਾਨ ਕਰਦੇ ਹਨ:—

**ਏਕੁ ਪਿਤਾ, ਏਕਸ ਕੇ ਹਮ ਬਾਰਿਕ**
**ਤੂੰ ਮੇਰਾ ਗੁਰ ਹਾਈ।।**

(ਆਦਿ ਗ੍ਰੰਥ ਪੰਨਾ 611-12)

ਇਸਦੇ ਨਾਲ ਨਾਲ ਉਹ ਆਪਣੇ ਭੰਡੀ ਪਰਚਾਰ ਰਾਹੀਂ ਉਹਨਾਂ ਸੰਤਾਂ ਦੀ ਨਿੰਦਿਆ ਕਰ ਰਿਹਾ ਹੈ ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਅੰਦਰ ਸਤਿਕਾਰ ਦਿੰਦੇ ਹੋਏ ਸਭ ਤੋਂ ਪਹਿਲੀ ਕਤਾਰ ਵਿਚ ਰਖਿਆ ਗਿਆ ਹੈ। ਇਥੋਂ ਤਕ ਕਿ ਸੁਖਮਨੀ ਸਾਹਿਬ ਦੀ ਇਕ ਇਕ ਤੁੱਕ ਸੰਤਾਂ ਦੀ ਸਿਫਤ ਸਲਾਹ ਕਰ ਰਹੀ ਹੈ ਔਰ ਸੰਤਾਂ ਦੇ ਨਿੰਦਕ ਨੂੰ ਇਸ ਅੰਦਰ ਇਕ ਹਤਿਆਰੇ ਦਾ ਦਰਜਾ ਦਿਤਾ ਗਿਆ ਹੈ।

**ਸੰਤ ਕਾ ਨਿੰਦਕੁ ਮਹਾਂ ਹਤਿਆਰਾ।।**
**ਸੰਤ ਕਾ ਨਿੰਦਕੁ ਪ੍ਰਮੇਸੁਰਿ ਮਾਰਾ।।**

(ਸੁਖਮਨੀ ਸਾਹਿਬ)

ਪਰ ਇਹਨਾਂ ਲੋਕਾਂ ਦੀ ਬੁਧੀ ਦੇ ਵਲਵਲਿਆਂ ਤੇ ਕਈ ਵਾਰ ਬਹੁਤ ਦੁਖ ਹੁੰਦਾ ਹੈ ਕਿ ਕਿਸ ਤਰ੍ਹਾਂ ਇਹ ਲੋਕ ਬੜ੍ਹਕਾਂ ਮਾਰ ਮਾਰ ਕੇ ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੱਚੇ ਉਪਾਸ਼ਕ ਦਾ ਦਰਜਾ ਦਿੰਦੇ ਹਨ। ਇਹਨਾਂ ਦਾ ਤਾਂ ਉਹ ਹਾਲ ਹੈ ਕਿ ਇਕ ਬਜ਼ੁਰਗ ਬਾਪ ਦੇ ਦੋ ਪੁਤਰ ਸਨ। ਜੋ ਖੁਦ ਆਪਣੇ ਆਪ ਨੂੰ ਆਗਿਆਕਾਰ ਔਲਾਦ ਦੇ ਨਾਮ ਉਪਰ ਪੁਕਾਰਿਆ ਕਰਦੇ ਸਨ। ਇਕ ਦਿਨ ਉਹਨਾਂ ਦੇ ਬਾਪ ਨੇ ਆਪਣੇ ਵਾਸਤੇ ਕੋਈ ਚੀਜ਼ ਮੰਗਵਾਈ ਤਾਂ ਉਹ ਉਸਦੀ ਜ਼ਰੂਰਤ ਦੀ ਜਗ੍ਹਾ ਉਹਦੇ ਗੋਡਿਆਂ ਲਾਗੇ ਬੈਠ ਕੇ ਆਪਣੇ ਪਿਉ ਦੀਆਂ ਜਿਉਂ ਸਿਫਤਾਂ ਕਰਨ ਲਗੇ ਕਿ ਪਿਤਾ ਜੀ ਤੁਸੀਂ ਬਹੁਤ ਸੋਹਣੇ ਹੋ, ਬਹੁਤ ਹੀ ਚੰਗੇ ਹੋ ਜਾਂ ਅਸੀਂ ਤੁਹਾਡੇ ਸੱਚੇ ਆਗਿਆਕਾਰ ਪੁੱਤਰ ਹਾਂ। ਪਰ ਬੁੱਢੇ ਬਾਪ ਦੀ ਜ਼ਰੂਰਤ ਵੱਲ ਉਹਨਾਂ ਮਾਸਾ ਗੌਰ ਨਾ ਕੀਤੀ। ਸੋ ਇਹ ਹੀ ਹਾਲ ਮੇਰੇ ਐਸੇ ਵੀਰਾਂ ਦਾ ਹੈ, ਜੋ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ, ਰੱਬ, ਪਿਉ, ਭਾਵ ਗੱਲੀਂ ਬਾਤੀ ਸਭ ਕੁਝ ਮੰਨਦੇ ਹਨ ਪਰ ਜੋ ਉਹ ਨਸੀਹਤਾਂ ਦੇ ਰਹੇ ਹਨ, ਉਨ੍ਹਾਂ ਦੀ ਜਗ੍ਹਾ ਅਗੋਂ ਸਾਹਿਬ ਦੀਆਂ ਸਿਫਤਾਂ ਕਰੀ ਜਾਂਦੇ ਹਨ ਕਿ ਸਾਡੇ ਗੁਰੂ ਸਾਹਿਬ ਸਭਨਾਂ ਨਾਲੋਂ ਉਚੇ ਹਨ। ਭਲਾ ਇਹਨਾਂ ਭੱਦਰ ਪੁਰਸ਼ ਵੀਰਾਂ ਨੂੰ ਪੁਛਿਆ ਜਾਵੇ ਕਿ ਠੀਕ ਹੈ ਗੁਰੂ ਗ੍ਰੰਥ ਸਾਹਿਬ ਸਰਬ ਸਰੇਸ਼ਟ ਹਨ ਪਰ ਕੀ ਇਹਨਾਂ ਆਪਣੇ ਅੰਦਰ ਉਹਦੇ ਪੁੱਤਰ ਹੋਣ ਦੇ ਨਾਤੇ ਚੰਗੇ ਕਰਮਾਂ ਰਾਹੀਂ ਕੁਝ ਉਹਨਾਂ ਨੂੰ ਵਾਪਸ ਕੀਤਾ? ਅੱਜ ਇਸ ਸਮੇਂ ਦੌਰਾਨ ਕੁਝ ਧਰਮ ਰਖਵਾਲਿਆਂ ਨੇ ਭਾਵ ਪ੍ਰਚਾਰਕਾਂ ਨੇ ਸਾਡੇ ਸਭਨਾਂ ਦੇ ਸਤਿਕਾਰ ਨੂੰ ਆਪਣਾ ਵਪਾਰ ਬਣਾ ਛੱਡਿਆ ਹੈ। ਭਾਵ ਇਹਨਾਂ ਲੋਕਾਂ ਦੀਆਂ ਅੰਦਰੂਨੀ ਔਕਾਤਾਂ ਏਨੀਆਂ ਗਿਰਾਵਟ ਵੱਲ ਨੂੰ ਦਿਨ-ਬ-ਦਿਨ ਜਾ ਰਹੀਆਂ ਹਨ ਕਿ ਭੋਲੀ ਭਾਲੀ ਮਾਸੂਮ ਰੱਬ ਦੀ ਸ਼ਰਧਾਲੂ ਜਨਤਾ ਦੀ ਸ਼ਰਧਾ ਨਾਲ ਖੇਡਣਾ ਇਹਨਾਂ ਨੇ ਆਪਣੀ ਗੁਰੂ ਦਰਬਾਰ ਦੀ ਪੂਜਾ ਸਮਝ ਰਖੀ ਹੈ। ਭਾਵ ਇਸ ਗੁਣ ਦੀ ਖਾਤਰ ਇਹ ਲੋਕ ਆਪਣੇ ਆਪਨੂੰ ਬੜੇ ਅਧਿਆਤਮਿਕਵਾਦੀ ਸਮਝਦੇ ਹਨ। ਜਦੋਂ ਕਿ ਅਸਲ ਗੁਰੂ ਲਫਜ਼ ਦੇ ਸਰੂਪ ਤੋਂ ਇਹ ਲੋਕ ਬਹੁਤ ਦੂਰ ਜਾ ਚੁਕੇ ਹਨ। ਜੇਕਰ ਗੁਰੂ ਲਫਜ਼ ਦਾ ਸ਼ਬਦੀ ਅਰਥ ਲਿਆ ਜਾਵੇ ਤਾਂ ਗੁ ਤੋਂ ਭਾਵ ਹੈ - ਹਨੇਰਾ - ਰੂ ਤੋਂ ਭਾਵ ਹੈ ਚਾਨਣ। ਮਤਲਬ ਉਹ ਤਾਕਤ ਜਿਹੜੀ ਜੀਵ ਆਤਮਾ ਨੂੰ ਵਿਕਾਰਾਂ ਦੇ ਹਨੇਰੇ ਵਿਚੋਂ ਗਿਆਨ ਦੇ ਚਾਨਣ ਵਿਚ ਲਿਜਾਵੇ, ਔਰ ਉਹ ਹਨੇਰਾ ਅਗਿਆਨਤਾ ਦਾ ਹੈ ਨਾ ਕਿ ਰਾਤ ਦਾ ਹਨੇਰਾ ਹੁੰਦਾ ਹੈ। ਉਹ ਅਗਿਆਨਤਾ ਕਿਸੇ ਵੀ ਖੇਤਰ ਅੰਦਰ ਹੋ ਸਕਦੀ ਹੈ ਭਾਵ ਜੱਗੀ ਜਾਂ ਰੱਬੀ। ਜਿਸ ਤਰ੍ਹਾਂ ਜਿੰਦਗੀ ਵਿਚ ਛੋਟੇ ਤੋਂ ਛੋਟਾ ਗੁਣ ਗ੍ਰਹਿਣ ਕਰਨ ਲਈ ਗੁਰੂ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਗੁਰੂ ਲਫਜ਼ ਹੀ ਗੁਰ ਭਾਵ ਜੁਗਤੀ ਤੇ ਆਧਾਰਤ ਹੈ। ਜਿਵੇਂ ਕਿਸੇ ਨੂੰ ਲਕੜੀ ਦਾ ਕੰਮ ਨਹੀਂ ਆਉਦਾ ਤਾਂ ਉਹ ਤਰਖਾਣ ਕੋਲ ਜਾਵੇਗਾ ਅਤੇ ਕੰਮ ਸਿਖ ਕੇ ਉਹ ਮਿਸਤਰੀ ਬਣ ਜਾਂਦਾ ਹੈ, ਭਾਵ ਉਹ ਅਨਜਾਣਪਨ ਰੂਪੀ ਅਗਿਆਨਤਾ ਦੇ ਹਨੇਰੇ ਵਿਚੋਂ ਸ਼ਿਲਪਕਾਰੀ ਦੀ ਕਲਾ ਦੇ ਚਾਨਣ ਵਿਚ ਆ ਗਿਆ। ਹਲਵਾਈ ਦਾ ਕੰਮ ਨਹੀਂ ਆਉਂਦਾ ਤਾਂ ਕਿਸੇ ਹਲਵਾਈ ਕੋਲ ਗਏ -ਕੰਮ ਸਿਖਿਆ ਤੇ ਹਲਵਾਈ ਬਣ ਗਏ। ਮਤਲਬ ਕਿ ਦੋਵਾਂ ਥਾਵਾਂ ਤੇ ਉਸਦਾਤ ਦੀ ਪ੍ਰਦਵੀ ਹੈ। ਜਿੰਨਾਂ ਤੋਂ ਬਿਨਾਂ ਨਾ ਸਾਨੂੰ ਹਲਵਾਈ ਦਾ ਕੰਮ ਆ ਸਕਦਾ ਹੈ ਔਰ ਨਾ ਹੀ ਤਰਖਾਣ ਦਾ। ਭਾਵ ਅਸੀਂ ਜਿੰਨੀਆਂ ਮਰਜ਼ੀ ਹਲਵਾਈ ਜਾਂ ਤਰਖਾਣ ਦਾ ਕੰਮ ਸਮਝਾਣ ਵਾਲੀਆਂ ਕਿਤਾਬਾਂ ਕਠੀਆਂ ਕਰ ਲਈਏ। ਇਸੇ ਤਰ੍ਹਾਂ ਹੀ ਆਤਮਾ ਅਤੇ ਪ੍ਰਮਾਤਮਾ ਦੇ ਮਿਲਾਪ ਲਈ ਗੁਰੂ ਗ੍ਰੰਥ ਸਾਹਿਬ ਅੰਦਰ ਜੁਗਤੀਆਂ ਬਿਆਨ ਕੀਤੀਆਂ ਗਈਆਂ ਹਨ ਜਾਂ ਰੱਬੀ ਮਾਰਗ ਤੇ ਆਉਣ ਵਾਲੀਆਂ ਮੁਸ਼ਕਿਲਾਂ ਦੇ ਹੱਲ ਦਰਸਾਏ ਗਏ ਹਨ। ਪਰ ਇਸਦੀ ਪਰਾਪਤੀ ਲਈ ਜਾਂ ਪ੍ਰਮਾਤਮਾ ਦੇ ਮਿਲਾਪ ਲਈ ਕਿਸੇ ਰੂਹਾਨੀ ਉਸਤਾਦ ਜਾਂ ਗੁਰੂ ਦੀ ਜ਼ਰੂਰਤ ਅਵਸ਼ ਹੈ। ਉਹ ਉਸਤਾਦ ਜਾਂ ਗੁਰੂ ਹੈ ਪੂਰਨ ਸੰਤ ਨਾ ਕਿ ਆਮ ਲੀਡਰ ਜਾਂ ਪ੍ਰਚਾਰਕ। ਕਿਉਂਕਿ ਜਿਹੜਾ ਆਦਮੀ ਸਾਰਾ ਗੁਰੂ ਗ੍ਰੰਥ ਸਾਹਿਬ ਪੜ੍ਹ ਕੇ ਆਪ ਨਹੀਂ ਸਮਝਿਆ ਤਾਂ ਉਹ ਦੂਸਰਿਆਂ ਨੂੰ ਕੀ ਦਸੇਗਾ। ਜਿਹੜਾ ਆਪਣਾ ਚਰਿਤਰ ਨਹੀਂ ਸੁਧਾਰ ਸਕਿਆ ਉਹ ਦੂਸਰੇ ਦਾ ਕੀ ਸੁਧਾਰ ਕਰੇਗਾ ਜਾਂ ਜਿਹੜਾ ਆਪ ਜਾਤਾਂ-ਪਾਤਾਂ ਦੇ ਝੰਝਟਾਂ 'ਚ ਫਸਿਆ ਬੈਠਾ ਹੈ। ਉਸਨੇ ਤੁਹਾਨੂੰ ਕੀ ਕਢਣਾ ਹੈ - ਜਦੋਂ ਕਿ ਬਾਣੀ ਤਾਂ ਇਹ ਫੁਰਮਾਨ ਕਰਦੀ ਹੈ ਕਿ:—

**ਕਿਨਕਾ ਏਕ ਜਿਸ ਜੀਅ ਬਸਾਵੈ।।**
**ਤਾ ਕੀ ਮਹਿਮਾ ਗਨੀ ਨਾ ਆਵੈ।।**

(ਸੁਖਮਨੀ ਸਾਹਿਬ)

ਭਾਵ ਉਸ ਦੀ ਉਪਮਾ ਵਿਚੋਂ ਜੋ ਗੁਰੂ ਗ੍ਰੰਥ ਸਾਹਿਬ ਅੰਦਰ ਸਾਹਿਬ ਫੁਰਮਾਨ ਕਰਦੇ ਹਨ। ਅਗਰ ਇਕ ਕਿਨਕਾ ਵੀ ਜੀਵ ਦੇ ਅੰਦਰ ਵਸ ਜਾਂਦਾ ਹੈ ਤਾਂ ਫਿਰ ਉਸ ਦੀ ਵਡਿਆਈ ਉਸ ਤੁਸ਼ ਜੀਭਾ ਤੋਂ ਬਾਹਰੀ ਹੋ ਜਾਂਦੀ ਹੈ ਪਰ ਜੇ ਸਾਰਾ ਗੁਰੂ ਗ੍ਰੰਥ ਸਾਹਿਬ ਪੜ੍ਹ ਕੇ ਫਿਰ ਵੀ ਉਹੀ ਸ਼ਰਾਬਾਂ-ਕਬਾਬਾਂ ਨਿੰਦਿਆ ਚੁਗਲੀ ਮਰਨ ਮਰਵਾਉਣ ਦੀਆਂ ਸੋਚਾਂ ਅੰਦਰ ਫਸੇ ਰਹਿਣਾ ਹੈ ਤਾਂ ਉਹਨਾਂ ਦਾ ਮਾਤ ਲੋਕ ਉਪਰ ਆਉਣਾ ਹੀ ਵਿਅਰਥ ਹੈ ਜਿਸ ਤਰ੍ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ:—

**ਮਾਇਆ ਕਾਰਨ ਬਿਦਿਆ ਬੇਚਹੁ,**
**ਜਨਮੁ ਅਬਿਰਥਾ ਜਾਈ।।**

(ਆਦਿ ਗ੍ਰੰਥ ਪੰਨਾ 1102)

ਸੋ ਅਜ ਸਾਨੂੰ ਜ਼ਰੂਰਤ ਹੈ ਧਰਮ ਗ੍ਰੰਥਾਂ ਦੀ ਸਿਖਿਆ ਹਾਸਲ ਕਰਕੇ ਸਤਿਕਾਰ ਕਰਨ ਦੀ ਨਾ ਕਿ ਵਪਾਰ ਕਰਨ ਦੀ। ਇਸ ਰੱਬੀ ਬਾਣੀ ਨੂੰ ਆਪਣੀ ਰੋਜ਼ੀ ਸਮਝਣ ਵਾਲੇ ਕੀ ਜਾਨਣ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਤਾਂ ਦੀ ਬਾਬਤ ਕੀ ਫੁਰਮਾਨ ਕਰਦੇ ਹਨ ਜਾਂ ਉਹ ਕੀ ਜਾਨਣ ਸੰਤਾਂ ਦੇ ਉਪਦੇਸ਼ ਨੂੰ ਕਿ ਉਹਨਾਂ ਦਾ ਉਪਦੇਸ਼ ਕੀ ਹੈ?

ਹੁਣ ਸਾਡੇ ਸਾਹਮਣੇ ਦੋ ਪਹਿਲੂ ਹਨ। ਜਿਨ੍ਹਾਂ ਨੂੰ ਮੁਖ ਰਖਕੇ ਅਸੀਂ ਲੋਕਾਂ ਨੇ ਖੁਦ ਫੈਸਲਾ ਕਰਨਾ ਹੈ ਕਿ ਅਸੀਂ ਕਿਸ ਪਹਿਲੂ ਨੂੰ ਮਹਾਨਤਾ ਦੇਣੀ ਹੈ?

ਪਰ ਇਸ ਤੋਂ ਪਹਿਲੋਂ ਸਾਨੂੰ ਇਸ ਚੀਜ਼ ਨੂੰ ਸਮਝਣ ਦੀ ਅਤਿ ਜ਼ਰੂਰਤ ਹੈ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਂਡੇ ਲੋਕਾਂ ਵਾਸਤੇ ਕੀ ਉਪਦੇਸ਼ ਹੈ?

- **ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।**
- **ਅਵਲਿ ਅਲਹ ਨੂਰੁ ਉਪਾਇਆ**
  **ਕੁਦਰਤਿ ਕੇ ਸਭ ਬੰਦੇ।।**

ਬਾਕੀ ਦੇਖੋ ਸਫਾ 6

# ਗੁਰੂ ਮਾਨਿਓ ਗ੍ਰੰਥ

**ਏਕ ਨੂਰ ਤੇ ਸਭੁ ਜਗੁ ਉਪਜਿਆ,**
**ਕਉਨ ਭਲੇ ਕੋ ਮੰਦੇ।।**
(ਆਦਿ ਗ੍ਰੰਥ ਪੰਨਾ 1349)

**ਏਕੁ ਪਿਤਾ, ਏਕਸ ਕੇ ਹਮ ਬਾਰਿਕ,**
**ਤੂੰ ਮੇਰਾ ਗੁਰਹਾਈ।।**
(ਆਦਿ ਗ੍ਰੰਥ ਪੰਨਾ 611-12)

**ਖਤਰੀ, ਬ੍ਰਾਹਮਣ, ਸੂਦ, ਵੈਸ ਉਪਦੇਸ ਚਹੁੰ ਵਰਨਾ ਕੋ ਸਾਂਝਾ।**

**ਸਭਨਾ ਜੀਆ ਕਾ ਇਕੁ ਦਾਤਾ,**
**ਸੋ ਮੈਂ ਵਿਸਰਿ ਨ ਜਾਈ।।**
(ਜਪੁਜੀ ਸਾਹਿਬ)

ਭਾਵ ਸਾਨੂੰ ਸਭਨਾਂ ਨੂੰ ਸਿਰਫ ਇਸ ਸੋਚ ਦੇ ਮਾਲਕ ਬਣਨਾ ਚਾਹੀਦਾ ਹੈ ਕਿ ਅਸੀਂ ਸਭ ਇਕ ਹਾਂ। ਔਰ ਸਾਨੂੰ ਸਭਨਾਂ ਨੂੰ ਉਸ ਵਿਧਾਤਾ ਨੇ ਆਪਣੀ ਸ਼ਕਤੀ ਨਾਲ ਸਾਜਿਆ ਹੈ। ਜਿਸ ਕਰਕੇ ਕਿਸੇ ਵੀ ਦੂਸਰੇ ਦੀ ਸਾਨੂੰ ਨਿੰਦਿਆ ਕਰਨ ਦਾ ਕੋਈ ਹੱਕ ਨਹੀਂ। ਗੁਰਬਾਣੀ ਅੰਦਰ ਜੋ ਰੱਬ ਦੇ ਘਰ ਨਿੰਦਕ ਦਾ ਹਸ਼ਰ ਹੈ ਉਸ ਬਾਬਤ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ:—

**ਨਿੰਦਾ ਭਲੀ ਕਿਸੈ ਕੀ ਨਾਹੀ,**
**ਮਨਮੁਖ ਮੁਗਧ ਕਰੰਨਿ।।**
**ਮੁਹ ਕਾਲੇ ਤਿਨ ਨਿੰਦਕਾ,**
**ਨਰਕੇ ਘੋਰ ਪਵੰਨਿ।।**

ਇਸ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਜੀ ਪੰਜਾਂ ਵਿਕਾਰਾਂ ਤੋਂ ਬਚਣ ਦੀ ਪ੍ਰੇਰਨਾ ਦਿੰਦੇ ਹੋਏ ਸਤਿਸੰਗਤਿ ਦੀ ਮਹਾਨਤਾ ਬਾਰੇ ਜ਼ਿਕਰ ਕਰਦੇ ਹਨ।

- **ਕਾਮੁ ਕ੍ਰੋਧੁ ਲੋਭੁ ਛੋਡੀਐ**
  **ਦੀਜੈ ਅਗਨਿ ਜਲਾਇ।**
- **ਲਾਲਚੁ ਛੋਡਹੁ ਅੰਧਿਹੁ**
  **ਲਾਲਚ ਦੁਖ ਭਾਰੀ।**

(ਆਸਾ ਮਹਲਾ 1)

**ਸਤ ਸੰਗਤਿ ਉਤਮ ਸਤਿਗੁਰ ਕੇਰੀ,**
**ਗੁਨ ਗਾਵੈ ਹਰਿ ਪ੍ਰਭ ਕੇ।।**
(ਸੂਹੀ ਮਹਲਾ 4)

**ਸਤ ਸੰਗਤਿ ਕੈਸੀ ਜਾਣੀਐ,**
**ਜਿਥੈ ਏਕੋ ਨਾਮੁ ਵਖਾਣੀਐ।।**

ਸੋ ਉਪਰੋਕਤ ਦਿਤੇ ਗਏ ਸਾਹਿਬ ਦੇ ਹਵਾਲੇ ਕਿਸੇ ਗੱਲ ਦੀ ਗੁੰਜਾਇਸ਼ ਨਹੀਂ ਛਡਦੇ ਕਿ ਸਾਨੂੰ ਲੋਕਾਂ ਨੂੰ ਕੀ ਕਰਨਾ ਚਾਹੀਦਾ ਹੈ? ਜਿਸ ਤਰ੍ਹਾਂ ਸਾਹਿਬ ਆਪ ਫੁਰਮਾਨ ਕਰਦੇ ਹਨ ਕਿ ਅਸਲ ਸਤਿਸੰਗ ਉਹ ਹੈ ਜਿਥੇ ਉਸ ਪ੍ਰਮਾਤਮਾ ਦੇ ਨਾਮ ਦਾ ਇਕੱਠ ਹੋਵੇ। ਨਾ ਕਿ ਆਪਣੀ ਆਪਣੀ ਬੁਧੀ ਦੇ ਢੰਢੋਰੇ ਪਿੱਟੇ ਜਾਣ, ਜਾਂ ਸਟੇਜਾਂ ਤੇ ਚੜ੍ਹ ਚੜ੍ਹ ਕੇ ਇਕ ਦੂਜੇ ਦੀ ਨਿੰਦਿਆ ਚੁਗਲੀ ਕੀਤੀ ਜਾਂਦੀ ਹੋਵੇ। ਸੋ ਐਸੀ ਸੰਗਤ ਕਰਨ ਨਾਲ ਜੀਵ ਦੇ ਆਪਣੇ ਪੱਲੇ ਕੁਝ ਨਹੀਂ ਪੈਂਦਾ, ਸਗੋਂ ਖਾਲੀ ਹੱਥ ਹੀ ਘਰ ਪਰਤਣਾ ਪੈਂਦਾ ਹੈ। ਸੋ ਹੁਣ ਅਸਾਂ ਇਹ ਵੇਖਣਾ ਹੈ ਕਿ ਕਿਥੇ ਕੀ ਹੁੰਦਾ ਹੈ? ਔਰ ਸਾਨੂੰ ਕਿਥੇ ਜਾਣਾ ਚਾਹੀਦਾ ਹੈ? ਜਿਸ ਦਾ ਫੈਸਲਾ ਸਾਡੇ ਆਪਣੇ ਖੁਦ ਦੇ ਹੱਥ ਹੈ?

ਸਾਹਿਬ ਫੁਰਮਾਨ ਕਰਦੇ ਹਨ ਕਿ:—

**ਜੇ ਲੋੜਹਿ ਸਦਾ ਸੁਖ ਭਾਈ।**
**ਸਾਧੂ ਸੰਗਤਿ ਗੁਰਹਿ ਬਤਾਈ।।**
(ਆਦਿ ਗ੍ਰੰਥ ਪੰਨਾ 1182)

ਭਾਵ ਸਦੀਵੀ ਸੁਖ ਹਾਸਲ ਕਰਨ ਵਾਸਤੇ ਸਾਨੂੰ ਕਿਸੇ ਪੂਰਨ ਪੁਰਖ ਜਾਂ ਪੂਰਨ ਸੰਤ ਮਹਾਤਮਾਂ ਦੀ ਸ਼ਰਨ ਅੰਦਰ ਜਾਣਾ ਜ਼ਰੂਰੀ ਹੈ, ਜਾਂ ਜਾਣਾ ਚਾਹੀਦਾ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੂਰਨ ਸੰਤ ਦੀ ਪਛਾਣ ਕਿਸ ਤਰ੍ਹਾਂ ਕੀਤੀ ਜਾਵੇ? ਇਸਦਾ ਹਲ ਸਾਨੂੰ ਸਾਹਿਬ ਗੁਰਬਾਣੀ ਅੰਦਰ ਹੀ ਦਿੰਦੇ ਹਨ ਕਿ:—

**ਏਹ ਨੀਸਾਣੀ ਸਾਧ ਕੀ,**
**ਜਿਸੁ ਭੇਟਤ ਤਰੀਐ।।**
(ਆਦਿ ਗ੍ਰੰਥ ਪੰਨਾ 320)

ਭਾਵ ਸਾਧ ਵੀ ਜਾਂ ਸੰਤ ਵੀ ਇਹੋ ਜਿਹਾ ਹੋਵੇ ਜਿਸ ਦੀ ਪਾਵਨ ਛੋਹ ਨਾਲ, ਜੀਵ ਦੇ ਵਿਕਾਰ ਦੂਰ ਹੋ ਜਾਣ ਅਤੇ ਆਦਮੀ ਭਵ ਸਾਗਰ ਤਰ ਸਕਦਾ ਹੋਵੇ। ਇਸ ਮਾਰਗ ਤੇ ਚਲਣ ਲਈ ਸਾਹਿਬ ਸਭ ਤਾਮਸਿਕ ਭੋਜਨਾਂ ਦੀ ਮਨਾਹੀ ਬਾਰੇ ਫੁਰਮਾਨ ਕਰਦੇ ਹਨ ਕਿ:—

**ਕਬੀਰ ਭਾਂਗ ਮਾਛੁਲੀ ਸੁਰਾਪਾਨਿ,**
**ਜੋ ਜੋ ਪ੍ਰਾਨੀ ਖਾਂਹਿ।।**
**ਤੀਰਥ ਬਰਤ ਨੇਮ ਕੀਏ,**
**ਤੇ ਸਭੈ ਰਸਾਤਲਿ ਜਾਂਹਿ।।**
(ਆਦਿ ਗ੍ਰੰਥ ਪੰਨਾ 1377)

**ਕਬੀਰ ਜੀਅ ਜੁ ਮਾਰਹਿ ਜੋਰੁ ਕਰਿ,**
**ਕਹਤੇ ਹਹਿ ਜੁ ਹਲਾਲੁ।।**
**ਦਫਤਰੁ ਦਈ ਜਬ ਕਾਢਿ ਹੈ,**
**ਹੋਇਗਾ ਕਉਨ ਹਵਾਲੁ।।**
(ਆਦਿ ਗ੍ਰੰਥ ਪੰਨਾ 1375)

ਸੱਚਾਈ ਦੇ ਮਾਰਗ ਉਪਰ ਸਭ ਤੋਂ ਵਡੀ ਰੁਕਾਵਟ ਜੀਵ ਵਾਸਤੇ ਉਸਦੇ ਵਿਕਾਰ ਹਨ। ਜਿਨ੍ਹਾਂ ਅੰਦਰ ਸਾਰਾ ਸੰਸਾਰ ਗ੍ਰਸਿਆ ਪਿਆ ਹੈ। ਸੋ ਇਸ ਤੋਂ ਛੁਟਕਾਰਾ ਪਾਉਣ ਲਈ ਸਾਹਿਬ ਆਖਦੇ ਹਨ :—

**ਕਾਮਿ ਕ੍ਰੋਧਿ, ਅੰਹਕਾਰਿ ਮਾਤੇ**
**ਵਿਆਪਿਆ ਸੰਸਾਰੁ।**
**ਪਉ ਸੰਤ ਸਰਣੀ, ਲਾਗੁ ਚਰਣੀ,**
**ਮਿਟੈ ਦੂਖੁ ਅੰਧਾਰੁ।।**
(ਆਦਿ ਗ੍ਰੰਥ ਪੰਨਾ 51)

**ਕਾਮ ਕ੍ਰੋਧ ਲੋਭ ਝੂਠ ਨਿੰਦਾ,**
**ਸਾਧੂ ਸੰਗ ਬਿਦਾਰਣਾ।।**
(ਆਦਿ ਗ੍ਰੰਥ ਪੰਨਾ 51)

ਭਾਵ ਅਗਰ ਅਸੀਂ ਇਹਨਾਂ ਵਿਕਾਰਾਂ ਤੋਂ ਮੁਕਤੀ ਚਾਹੁੰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਫਤਾਂ ਨੂੰ ਛੱਡਕੇ ਕਿ ਇਹ ਬੜੇ ਮਹਾਨ ਹਨ, ਜਾਂ ਉਚੇ ਹਨ, ਸਾਨੂੰ ਇਸ ਅੰਦਰ ਫਰਮਾਨ ਕੀਤੀ ਗਈ ਸਾਡੇ ਲੋਕਾਂ ਪ੍ਰਤੀ ਨਸੀਹਤ ਮੁਤਾਬਕ ਕਿਸੇ ਪੂਰਨ ਪੁਰਖ ਦੇ ਚਰਨੀ ਲਗ ਜਾਣਾ ਚਾਹੀਦਾ ਹੈ। ਭਾਵ ਸ਼ਰਨ ਲੈ ਲੈਣੀ ਚਾਹੀਦੀ ਹੈ। ਕਿਉਂਕਿ ਇਹੋ ਹੀ ਸਾਡੀਆਂ ਸਭ ਕਮਜ਼ੋਰੀਆਂ ਦਾ ਹਲ ਹਨ ਜਾਂ ਸੰਤ ਹੀ ਸਾਨੂੰ ਵਿਕਾਰਾਂ ਦੀ ਅੱਗ ਤੋਂ ਬਚਾ ਸਕਦੇ ਹਨ। ਅਗੇ ਗੁਰਬਾਣੀ ਹੀ ਸਾਨੂੰ ਫੁਰਮਾਨ ਕਰਦੀ ਹੈ ਕਿ ਸੰਤਾਂ ਦੀ ਸ਼ਰਨ 'ਚ ਜਾ ਕੇ ਸਾਡੇ ਇਹਨਾਂ ਦੁਖਾਂ ਜਾਂ ਵਿਕਾਰਾਂ ਦੀ ਨਵਿਰਤੀ ਕਿਸ ਤਰ੍ਹਾਂ ਹੋ ਸਕਦੀ ਹੈ?

**ਗੁਰਮੁਖਿ ਕੋਟਿ ਉਧਾਰਦਾ,**
**ਦੇਹ ਨਾਵੈ ਇਕ ਕਣੀ।**
**ਬਿਨੁ ਨਾਵੈ ਹੋਰ ਪੂਜ ਨ ਹੋਵੀ,**
**ਭਰਮਿ ਭੁਲੀ ਲੋਕਾਈ।।**
(ਆਦਿ ਗ੍ਰੰਥ ਪੰਨਾ 910)

**ਬਿਨੁ ਨਾਵੈ ਸਭ ਚੋਗ।।**
(ਆਦਿ ਗ੍ਰੰਥ ਪੰਨਾ 426-27)

**ਇਹੁ ਮਾਣਸ ਜਨਮ ਦੁਲੰਭੁ ਹੈ**
**ਨਾਮ ਬਿਨਾਂ ਬਿਰਥਾ ਸਭੁ ਜਾਏ।।**
(ਆਸਾ ਦੀ ਵਾਰ)

ਸਾਹਿਬ ਨਾਮ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਹੋਇਆਂ ਸਾਨੂੰ ਉਸ ਹਟ ਦਾ, ਉਸ ਦਰਬਾਰ ਦਾ ਰਸਤਾ ਫੁਰਮਾਨ ਕਰਦੇ ਹਨ ਜਿਥੋਂ ਇਹ ਅਨਮੋਲ ਖਜਾਨਾ ਹਾਸਲ ਹੋ ਸਕਦਾ ਹੈ।

**ਨਾਮੁ ਅਮੋਲਕ ਰਤਨ ਹੈ,**
**ਪੂਰੇ ਸਤਿਗੁਰ ਪਾਸਿ।।**
**ਸਤਿਗੁਰ ਸੇਵੈ ਲਗਿਆ**
**ਕਢਿ ਰਤਨੁ ਦੇਵੈ ਪਰਗਾਸਿ।।**
(ਆਦਿ ਗ੍ਰੰਥ ਪੰਨਾ 80)

**ਕੋਈ ਅਨਿਕ ਉਪਾਵ ਕਰੇ ਬਹੁ ਤੇਰੇ**
**ਬਿਨ ਕ੍ਰਿਪਾ ਨਾਮ ਨ ਪਾਵੈ।**
**ਪ੍ਰਭੁ ਕ੍ਰਿਪਾਲੁ ਕਿਰਪਾ ਕਰੈ,**
**ਨਾਮੁ ਨਾਨਕ ਸਾਧੂ ਸੰਗਿ ਮਿਲੈ।।**
(ਆਦਿ ਗ੍ਰੰਥ ਪੰਨਾ 211)

ਭਾਵ ਉਪਰੋਕਤ ਹਵਾਲਿਆਂ ਤੋਂ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਪੂਰਨ ਪੁਰਖ ਦੀ ਸ਼ਰਨ ਵਿਚ ਜਾ ਕੇ ਉਸ ਤੋਂ ਨਾਮ ਦੀ ਪ੍ਰਾਪਤੀ ਕਰਨ ਤੋਂ ਬਿਨਾਂ ਹਰਗਿਜ਼ ਵੀ ਜੀਵ ਦੁਨਿਆਵੀ ਜੰਜਾਲਾਂ ਤੋਂ ਛੁਟਕਾਰਾ ਹਾਸਿਲ ਨਹੀਂ ਕਰ ਸਕੇਗਾ।

ਸੋ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹਨਾਂ ਅਖੌਤੀ ਧਰਮ ਰਖਵਾਲਿਆਂ ਦੇ ਪਰਚਾਰਾਂ ਦੇ ਪਿਛੇ ਲਗਿਆ ਜਾਏ, ਜਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੱਚ ਦੀ ਆਵਾਜ਼ ਦੇ ਪਿਛੇ? ਇਸਦੇ ਨਿਰਣੇ ਵਾਸਤੇ ਸਾਡੇ ਪਾਸ ਦੋ ਰਸਤੇ ਹਨ:—

**ਪਹਿਲਾ ਰਸਤਾ ਹੈ** ਸਾਡੇ ਪ੍ਰਚਾਰਕਾਂ ਦੇ ਗਲਤ ਪਰਚਾਰ ਦਾ - ਜਿਸਦੇ ਮਗਰ ਕਈ ਅਨਭੋਲ ਰੱਬ ਦੇ ਪ੍ਰੇਮੀ ਐਵੇਂ ਹੀ ਲਗ ਜਾਂਦੇ ਹਨ ਭਾਵ ਉਹਨਾਂ ਦੇ ਗਲਤ ਤੌਰ ਤਰੀਕਿਆਂ ਜਾਂ ਗੁਰਾਂ ਦੇ ਮੁਤਾਬਿਕ ਉਹ ਆਪਣੀਆਂ ਜ਼ਿੰਦਗੀਆਂ ਨੂੰ ਢਾਲ ਲੈਂਦੇ ਹਨ। ਜਿਸਦੇ ਫਲਸਰੂਪ ਉਨ੍ਹਾਂ ਦਾ ਝੂਠ ਬੋਲਣਾ, ਇਕ ਦੂਜੇ ਦੀ ਨਿੰਦਿਆ ਕਰਨੀ, ਮੀਟ ਖਾਣਾ, ਸ਼ਰਾਬਾਂ ਪੀਣੀਆਂ, ਕਾਮੀ ਕ੍ਰੋਧੀ, ਲਾਲਚੀ ਹੋਣਾ, ਜਾਤਾਂ-ਪਾਤਾਂ ਦੇ ਨਾਵਾਂ ਉਤੇ ਝਗੜੇ ਫਸਾਦ ਆਦਿ ਖੜੇ ਕਰਨੇ, ਇਕ ਇਮਾਨ ਬਣਕੇ ਰਹਿ ਜਾਂਦਾ ਹੈ। ਅਗਰ ਸੋਚਿਆ ਜਾਏ ਕਿ ਕੀ ਇਹ ਚਾਲ ਚਲਣ, ਕਿਸੇ ਭੋਲੇ ਭਾਲੇ ਰੱਬ ਦੇ ਸ਼ਰਧਾਲੂ ਦੀ ਆਪਣੀ ਕਾਢ ਹੈ! ਨਹੀਂ! ਇਹ ਉਹਨਾਂ ਨੂੰ ਅਜ ਦੇ ਵਪਾਰੀ ਧਰਮ ਰਖਵਾਲਿਆਂ ਦੀ ਵਿਰਾਸਤ ਵਿਚੋਂ ਹਾਸਿਲ ਹੁੰਦੀ ਹੈ। ਅਗਰ ਇਹ ਸੱਚਾਈ ਹੈ ਤਾਂ ਕੀ ਇਹ ਉਹਨਾਂ ਦੇ ਦੇਹਧਾਰੀ ਗੁਰੂ ਨਹੀਂ ਹਨ। ਭਾਵ ਇਹ ਆਪਣੇ ਦੁਰਵਿਹਾਰ ਹੀ ਭੋਲੀ ਜਨਤਾ ਨੂੰ ਇਕ ਪ੍ਰਸ਼ਾਦ ਦੇ ਨਾਂ ਤੇ ਵਰਤਾ ਰਹੇ ਹਨ। ਕੀ ਅਸੀਂ ਐਸੇ ਰਾਹਾਂ ਤੇ ਚਲਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰੇਰਨਾ ਦਾ ਅਪਮਾਨ ਨਹੀਂ ਕਰ ਰਹੇ?

**ਦੂਸਰਾ ਰਸਤਾ ਹੈ** - ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਸ ਸੱਚ ਦੀ ਆਵਾਜ਼ ਦਾ ਜਿਹੜੀ ਸਾਨੂੰ ਸੱਚ ਬੋਲਣ, ਸ਼ਰਾਬ ਛੱਡਣ, ਅੰਡਾ, ਮੀਟ ਛਡਣ, ਕਿਸੇ ਦੀ ਨਿੰਦਿਆ ਨਾ ਕਰਨ, ਚਾਹੇ ਉਹ ਕਿੰਨਾ ਵੀ ਬੁਰਾ ਕਿਉਂ ਨਾ ਹੋਵੇ, ਸਿਰਫ ਆਪਣੇ ਅੌਗੁਣ ਦੇਖਣ, ਸਿਦਕ ਰਖਣ, ਸਾਧੂ ਸੰਗਤ ਤੋਂ ਨਾਮ ਦੀ ਪ੍ਰਾਪਤੀ ਕਰਨ, ਸਭ ਨੂੰ ਪ੍ਰਮਾਤਮਾ ਦੀ ਸੰਤਾਨ ਮੰਨਣ, ਉਚ ਨੀਚਤਾ ਦਾ ਭੇਦ ਭਾਵ ਨਾ ਰਖਣ ਲਈ ਪ੍ਰੇਰਿਤ ਕਰਦੀ ਹੈ।

ਸੋ ਪਹਿਲੇ ਰਸਤੇ ਨੂੰ ਤੁਹਾਨੂੰ ਅਖਤਿਆਰ ਕਰਨ ਵਾਸਤੇ ਕਿਤੇ ਵੀ ਜਾਣ ਦੀ ਜ਼ਰੂਰਤ ਨਹੀਂ, ਕਿਉਂਕਿ ਐਸੇ ਲੋਕ ਨਾਅਰੇ ਲਗਾਉਂਦੇ ਹੋਏ ਤੁਹਾਨੂੰ ਬਹੁਤ ਮਿਲ ਜਾਣਗੇ। ਪਰ ਜੇਕਰ ਤੁਸੀਂ ਦੂਸਰਾ ਰਸਤਾ ਅਪਨਾਉਣਾ ਚਾਹੁੰਦੇ ਹੋ ਤਾਂ ਫਿਰ ਤੁਹਾਨੂੰ ਕਿਸੇ ਪੂਰਨ ਪੁਰਖ ਦੀ ਤਲਾਸ਼ ਕਰਨੀ ਪਵੇਗੀ ਪਰ ਉਸ ਪੂਰਨ ਪੁਰਖ ਦੀ ਜਿਸਦੀ ਬਾਬਤ ਫਿਉਪਰੋਕਤ ਗੁਰਬਾਣੀ ਦੇ ਹਵਾਲੇ ਦਿਤੇ ਗਏ ਹਨ। ਸੋ ਉਪਰ ਕੀਤੀ ਗਈ ਸਾਰੀ ਚਰਚਾ ਅਨੁੰਸਾਰ ਤੁਹਾਨੂੰ ਦੋਹਾਂ ਹੀ ਰਸਤਿਆਂ ਅੰਦਰ ਕਿਸੇ ਦੇਹਧਾਰੀ ਗੁਰੂ ਜਾਂ ਉਸਤਾਦ ਦੀ ਜ਼ਰੂਰਤ ਪੈਣੀ ਹੀ ਪੈਣੀ ਹੈ। ਪਰ ਇਸਦਾ ਫੈਸਲਾ ਤੁਹਾਡੇ ਖੁਦ ਦੇ ਹੱਥ ਹੈ ਕਿ ਤੁਹਾਨੂੰ ਕਿਸ ਤਰ੍ਹਾਂ ਦਾ ਉਸਤਾਦ ਚਾਹੀਦਾ ਹੈ।

**ਵਲੋਂ:**
**ਸੰਪਾਦਕੀ ਬੋਰਡ**

●●●

**ਪ੍ਰਮਾਤਮਾ ਅਨਾਥ ਨਹੀਂ ਹੈ, ਪ੍ਰਮਾਤਮਾ ਨਾਥ ਹੈ ਭਾਵ ਯਤੀਮਾ ਦਾ ਸਹਾਰਾ ਹੈ।**

●

**ਜ਼ਿੰਦਗੀ ਤਾਂ ਹਰੇਕ ਨੂੰ ਮਿਲਦੀ ਹੈ ਪਰ ਜੀਉਣਾ ਕਿਸੇ ਕਿਸੇ ਨੂੰ ਹੀ ਆਉਂਦਾ ਹੈ।** ਮਹਾਰਾਜ ਦਰਸ਼ਨ ਦਾਸ

## ਇਤਿਹਾਸ ਦੇ ਝਰੋਖੇ ’ਚੋਂ * * * * * * * * * * * * * * * *

# ਸ਼ਾਦੀ ਜਾਂ ਬਰਬਾਦੀ!

ਪ੍ਰਮਾਤਮਾ ਨੇ ਸਾਡੀ ਹਰ ਚੀਜ਼ ਦਾ ਪ੍ਰਬੰਧ ਕੀਤਾ ਹੋਇਆ ਹੈ। ਅਗਰ ਕੋਈ ਪ੍ਰਬੰਧ ਨਹੀਂ ਹੈ ਤਾਂ ਉਹ ਸਿਰਫ ਸਾਡੇ ਲੋਕਾਂ ਦੇ ਆਪਣੇ ਪਾਸ ਨਹੀਂ ਹੈ। ਉਸ ਕੋਲ ਤਾਂ ਸਭ ਕੁਝ ਹੈ। ਰੱਬ ਨੇ ਸਾਡੀ ਹਰ ਚੀਜ਼ ਵਕਤ ਦੇ ਅਨੁਸਾਰ, ਲੋੜ ਦੇ ਅਨੁਸਾਰ ਜਾਂ ਜ਼ਰੂਰਤ ਦੇ ਅੰਨੁਸਾਰ ਸਾਨੂੰ ਦੇ ਹੀ ਦੇਣੀ ਹੈ। ਜੇ ਤੁਸੀਂ ਕਹੋ ਕਿ ਨਹੀਂ, ਤਾਂ ਇਹ ਤੁਹਾਡਾ ਭੁਲੇਖਾ ਹੈ। ਕਿਉਂਕਿ ਇਹ ਕੋਈ ਮਨਘੜਤ ਕਹਾਣੀਆਂ ਨਹੀਂ ਹਨ ਬਲਕਿ ਮਨੁੱਖੀ ਜੀਵਾਂ ਦੇ ਤਜਰਬੇ ਹਨ। ਇਹ ਜ਼ਿੰਦਗੀ ਦਾ ਉਹ ਨੁਕਤਾ ਹੈ ਜਿਸਨੂੰ ਕਿ ਸੰਤਾਂ ਮਹਾਤਮਾਂ ਨੇ ਖੁਦ ਆਪ ਕਰ ਕਰ ਕੇ ਅਜਮਾਇਸ਼ ਕੀਤੀ ਹੈ। ਇਨਸਾਨੀ ਜੀਵਨ ਦਾ ਅਧਾਰ ਜਿਥੇ ਸਾਡਾ ਰੂਹਾਨੀ ਪੱਖ ਹੈ ਉਸਦੇ ਨਾਲ ਸਾਡੇ ਪਿਛੋਕੜ ਦੇ ਇਤਿਹਾਸ ਦੀ ਵੀ ਬਰਾਬਰ ਹੀ ਮਹਾਨਤਾ ਹੈ ਭਾਵ ਜਿੰਨੀ ਦੇਣ ਸਾਡੀ ਮੌਜੂਦਾ ਰੂਹਾਨੀ ਪੱਖ ਦੀ ਹੈ ਉਤਨੀ ਹੀ ਸਾਡੇ ਇਤਿਹਾਸਕ ਪੱਖ ਦੀ ਹੈ। ਇਸ ਕਰਕੇ ਹੀ ਸਾਡੀ ਪੁਰਾਤਨ ਪ੍ਰੰਪਰਾ ਤੋਂ ਲੈ ਕੇ ਹੁਣ ਤਕ ਜਦ ਵੀ ਕਿਤੇ ਜਨ ਸਧਾਰਨ ਦੇ ਵਿਸ਼ੇ ਤੇ ਕੋਈ ਗਲਬਾਤ ਚੱਲੀ ਜਾਂ ਚਲਦੀ ਹੈ ਤਾਂ ਹਮੇਸ਼ਾਂ ਹੀ ਇਤਿਹਾਸਕ ਬ੍ਰਿਤਾਂਤਾ ਦੀਆਂ ਠੋਸ ਉਦਾਹਰਣਾਂ ਸਾਡੇ ਵੇਖਣ ਜਾਂ ਸੁਨਣ ਵਿਚ ਆਉਂਦੀਆਂ ਹਨ। ਸੋ ਇਸ ਵਿਸ਼ੇ ਨੂੰ ਮੁਖ ਰਖਦਿਆਂ ਹੋਇਆ ਅਸੀਂ ਆਪਣੇ ਪਾਠਕਾਂ ਨਾਲ ਕੁਝ ਉਹਨਾਂ ਤੱਤਾਂ ਤੇ ਚਰਚਾ ਕਰਨ ਜਾ ਰਹੇ ਹਾਂ ਜਿਹੜੇ ਕਿ ਸਾਡੇ ਸਮਾਜ ਦਾ ਇਕ ਅਟੁਟ ਅੰਗ ਹਨ ਪਰ ਅਸੀਂ ਉਸ ਤੋਂ ਬੇਖਬਰ ਹਾਂ। ਸਾਡੇ ਖਿਆਲ ਔਰ ਬੁਧੀ ਮੁਤਾਬਕ ਇਸ ਗੱਲ ਦਾ ਕਿਸੇ ਇਤਿਹਾਸਕਾਰ ਨੇ ਕਦੇ ਜ਼ਿਕਰ ਤਕ ਨਹੀਂ ਕੀਤਾ। ਕਿਉਂਕਿ ਸਾਡੇ ਧਾਰਮਿਕ ਖੋਜੀਆਂ, ਪਰਚਾਰਕਾਂ ਦੀ ਇਹ ਸ਼ੁਰੂ ਤੋਂ ਹੀ ਕਮਜ਼ੋਰੀ ਰਹੀ ਹੈ। ਇਹਨਾਂ ਗੁਰੂ ਘਰ ਦੀ ਹਰ ਚੀਜ਼ ਜਾਂ ਹਰ ਸਾਖੀ ਨੂੰ, ਆਪਣੇ ਮਕਸਦ ਨੂੰ ਮੁਖ ਰਖਦਿਆਂ ਹੋਇਆਂ ਬਿਆਨ ਕੀਤਾ ਨਾ ਕਿ ਉਨ੍ਹਾਂ ਪੈਗੰਬਰਾਂ ਦੇ ਮਕਸਦ ਅਨੁਸਾਰ ਬਿਆਨ ਕੀਤਾ। ਜਿਸ ਤਰ੍ਹਾਂ ਕਿ ਉਹਨਾਂ ਦਾ ਮਕਸਦ ਕੋਈ ਜੱਗੀ ਨਹੀਂ ਸੀ। ਉਹਨਾਂ ਤਾਂ ਭੁਲੇ ਭਟਕੇ ਲੋਕਾਂ ਤਕ ਪ੍ਰਮਾਤਮਾ ਦੀ ਸਚਾਈ ਭਾਵ ਰੱਬ ਦੀ ਅਵਾਜ਼ ਨੂੰ ਜਾਂ ਗਿਆਨ ਨੂੰ ਪਹੁੰਚਾਉਣ ਖਾਤਰ ਆਪਣਾ ਆਪ ਤਕ ਵਾਰ ਦਿਤਾ ਪਰ ਇਹਨਾਂ ਅਖੌਤੀ ਧਾਰਮਿਕ ਪ੍ਰਚਾਰਕਾਂ ਨੇ ਗੁਰੂ ਘਰ ਦੀ ਹਰ ਚੀਜ਼ ਨੂੰ ਉਥੋਂ ਤਕ ਸੀਮਤ ਰਖਿਆ ਜਿਥੋਂ ਤਕ ਇਹਨਾਂ ਦੀਆਂ ਜੇਬਾਂ ਗਰਮ ਹੁੰਦੀਆਂ ਰਹਿਣ।

ਸੋ ਇਸ ਵਿਸ਼ੇ ਨੂੰ ਮੁਖ ਰਖਦਿਆਂ ਹੋਇਆਂ ਅਸੀਂ ਆਪਣੇ ਪਾਠਕਾਂ ਦੀ ਇਤਿਹਾਸ ਦੇ ਉਸ ਝਰੋਖੇ ਤੇ ਝਾਤ ਮਰਵਾ ਰਹੇ ਹਾਂ ਜਿਹੜਾ ਸਾਡੇ ਸਮਾਜ ਨਾਲ ਅਟੁਟ ਸਬੰਧ ਰਖਦਿਆਂ ਹੋਇਆਂ ਅਜ ਸਾਡੇ ਖਿਆਲਾਂ ਤੋਂ ਬਾਹਰ ਹੈ, ਸਾਡੀ ਸੋਚ ਤੋਂ ਦੂਰ ਹੈ ਜਾਂ ਸਾਡੇ ਵਿਸ਼ਵਾਸ ਤੋਂ ਰਹਿਤ ਹੈ। ਜਿਸ ਤਰ੍ਹਾਂ ਕਿ ਭਗਤ ਕਬੀਰ ਸਾਹਿਬ ਜੀ ਸ਼ਰੋਮਣੀ ਭਗਤਾਂ ਵਿਚੋਂ ਬੜੇ ਉਚ ਕੋਟੀ ਦੇ ਭਗਤ ਹੋਏ ਹਨ। ਉਹਨਾਂ ਦੀ ਬਾਬਤ ਸਾਡੇ ਪੜ੍ਹਨ ਜਾਂ ਸੁਣਨ ਅੰਦਰ ਕਾਫੀ ਗਾਥਾ ਆਉਂਦੀਆਂ ਹਨ। ਜਿਹਨਾਂ ਮੁਤਾਬਕ ਉਹਨਾਂ ਦੇ ਰੱਬ ਪ੍ਰਤੀ ਅਥਾਹ ਵਿਸ਼ਵਾਸ ਦੀਆਂ ਸਾਖੀਆਂ ਤੋਂ ਅਸੀਂ ਸਭ ਲੋਕ ਤਕਰੀਬਨ ਜਾਣੂੰ ਹਾਂ ਪਰ ਉਸ ਪਿਛੇ ਕੀ ਸੱਚਾਈ ਹੈ ਜਾਂ ਉਸ ਦੀ ਸਮਾਜ ਨੂੰ ਕੀ ਦੇਣ ਹੈ? ਇਸ ਬਾਰੇ ਸਾਨੂੰ ਕਦੇ ਵੀ ਕਿਸੇ ਸਾਡੇ ਸਮਾਜ ਦੇ ਜਾਂ ਧਰਮ ਦੇ ਆਗੂ ਨੇ ਕੋਈ ਚਾਨਣਾ ਨਹੀਂ ਪਾਇਆ। ਸੋ ਇਸ ਘਾਟ ਨੂੰ ਸਾਹਮਣੇ ਰਖਦਿਆਂ ਹੋਇਆਂ ਅਸੀਂ ਮਹਾਰਾਜ ਦਰਸ਼ਨ ਦਾਸ ਜੀ ਦੇ ਉਸ ਰੱਬੀ ਪੈਗਾਮ ਨੂੰ ਤੁਹਾਡੇ ਸਾਹਮਣੇ ਪੇਸ਼ ਕਰ ਰਹੇ ਹਾਂ। ਜਿਸ ਨਾਲ ਸਾਨੂੰ ਪੂਰਾ ਯਕੀਨ ਹੈ ਕਿ ਤੁਹਾਡੇ ਵਿਸ਼ਵਾਸ, ਤੁਹਾਡੇ ਵਿਚਾਰ ਉਸ ਸੱਚਾਈ ਨਾਲ ਅਵਸ਼ ਜੁੜ ਜਾਣਗੇ ਜਿਸ ਨਾਲੋਂ ਤੁਸੀਂ ਅਗਿਆਨਤਾ ਕਾਰਨ ਅਜ ਦੂਰ ਬੈਠੇ ਹੋਏ ਹੋ। ਜਿਸ ਤਰ੍ਹਾਂ ਕਿ ਮਹਾਰਾਜ ਜੀ ਆਪਣੇ ਰੂਹਾਨੀ ਉਪਦੇਸ਼ ਅੰਦਰ ਆਮ ਹੀ ਫੁਰਮਾਨ ਕਰਿਆ ਕਰਦੇ ਹਨ ਕਿ ਇਕ ਵਾਰ ਦੀ ਗੱਲ ਹੈ ਕਿ ਭਗਤ ਕਬੀਰ ਸਾਹਿਬ ਜੀ ਆਪਣੀ ਲੜਕੀ ਕਮਾਲੀ ਜੀ ਦੀ ਸ਼ਾਦੀ ਕਰਨਾ ਚਾਹੁੰਦੇ ਸਨ। ਸੋ ਉਹਨਾਂ ਆਪਣੀ ਉਸ ਜ਼ਰੂਰਤ ਮੁਤਾਬਕ ਖੱਦਰ



ਬੁਣਿਆ ਅਤੇ ਆਪਣੇ ਪੁਤਰ ਨੂੰ ਨਾਲ ਲੈ ਕੇ ਬਜਾਰ ਵੇਚਣ ਲਈ ਤੁਰ ਪਏ। ਇਕ ਪਾਸੇ ਪਿਉ ਤੁਰ ਪਿਆ ਅਤੇ ਦੂਜੇ ਪਾਸੇ ਪੁਤਰ ਤੁਰ ਪਿਆ। ਪ੍ਰਮਾਤਮਾ ਨੇ ਉਸ ਵਕਤ ਬ੍ਰਾਹਮਣ ਦਾ ਰੂਪ ਧਾਰਨ ਕਰਕੇ ਉਹਨਾਂ ਦੋਹਾਂ ਪਾਸੋਂ ਆਪਣੀ ਮਜ਼ਬੂਰੀ ਦਾ ਵਾਸਤਾ ਦੇ ਕੇ ਉਹ ਸਾਰੇ ਦਾ ਸਾਰਾ ਖੱਦਰ ਮੰਗ ਲਿਆ। ਦੋਵੇਂ ਪਿਉ ਪੁਤਰ ਜਦ ਖਾਲੀ ਹਥੀਂ ਘਰ ਪਰਤੇ ਤਾਂ ਮਾਤਾ ਲੋਈ ਜੀ ਉਹਨਾਂ ਨੂੰ ਆਖਣ ਲਗੀ ਕਿ “ਤੁਸੀਂ ਤਾਂ ਸ਼ਾਦੀ ਲਈ ਪੈਸਿਆਂ ਦੀ ਖਾਤਰ ਖੱਦਰ ਵੇਚਣ ਗਏ ਸੀ ਪਰ ਇਹ ਤੁਸੀਂ ਕੀ ਕਰ ਆਏ ਹੋ?” ਕਬੀਰ ਸਾਹਿਬ ਜੀ ਆਖਣ ਲਗੇ ਕਿ “ਰਸਤੇ ਵਿਚ ਸਾਨੂੰ ਅਸਲ ਵਿਚ ਇਕ ਗਰੀਬ ਬ੍ਰਾਹਮਣ ਮਿਲ ਪਿਆ ਸੀ, ਔਰ ਉਸਨੇ ਸਾਡੇ ਕੋਲੋਂ ਆਪਣੀ ਜ਼ਰੂਰਤ ਨੂੰ ਮੁਖ ਰਖਦਿਆਂ ਹੋਇਆਂ ਪਹਿਨਣ ਲਈ ਕਪੜਾ ਮੰਗ ਲਿਆ। ਜਿਸ ਕਰਕੇ ਅਸੀਂ ਸਾਰੇ ਦਾ ਸਾਰਾ ਖੱਦਰ ਉਸ ਨੂੰ ਹੀ ਦੇ ਆਏ ਹਾਂ।” ਅਗੋਂ ਮਾਤਾ ਲੋਈ ਜੀ ਕਹਿਣ ਲਗੇ ਕਿ “ਦੇਖੋ! ਘਰ ਤਾਂ ਪੈਸੇ ਦੀ ਸਖਤ ਜ਼ਰੂਰਤ ਸੀ ਪਰ ਤੁਸਾਂ ਇਹ ਕੀ ਕੀਤਾ?” ਅਗੋਂ ਭਗਤ ਕਬੀਰ ਜੀ ਆਖਣ ਲਗੇ ਕਿ “ਭੋਲੀਏ! ਉਹਨਾਂ ਦਾ ਦਿਤਾ ਤਾਂ ਅਸੀਂ ਖਾਂਦੇ ਹਾਂ। ਅਗੇ ਏਨਾ ਚਿਰ ਕਮਾ ਕਮਾ ਕੇ ਖਾ ਛਡਿਆ ਹੈ ਪਰ ਫਿਰ ਵੀ ਸਾਡੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋਈਆਂ ਔਰ ਨਾ ਹੀ ਸੰਤੁਸ਼ਟੀ ਹੋਈ ਹੈ। ਚਲੋ ਹੁਣ ਕਮ ਸੇ ਕਮ ਉਹਦੀ ਜ਼ਰੂਰਤ ਤਾਂ ਪੂਰੀ ਹੋ ਗਈ। ਜੇ ਸਾਡੀ ਇਸ ਖੱਦਰ ਜਰੀਹੇ ਹੀ ਜ਼ਰੂਰਤ ਪੂਰੀ ਹੋਣੀ ਹੁੰਦੀ ਤਾਂ ਅਜ ਸਾਨੂੰ ਇਹ ਕਪੜਾ ਵੇਚਕੇ ਵਿਆਹ ਨਾ ਕਰਨਾ ਪੈਂਦਾ। ਸੋ ਜੇ ਅਸੀਂ ਕਿਸੇ ਦੀ ਜ਼ਰੂਰਤ ਪੂਰੀ ਕਰ ਸਕਦੇ ਹਾਂ ਤਾਂ ਸਾਨੂੰ ਜ਼ਰੂਰ ਕਰਨੀ ਚਾਹੀਦੀ ਹੈ।” ਕਬੀਰ ਸਾਹਿਬ ਅਤੇ ਮਾਤਾ ਲੋਈ ਜੀ ਦੀ ਇਹ ਵਾਰਤਾਲਾਪ ਪਿੰਡ ਦੇ ਸ਼ਾਹੂਕਾਰ ਨੇ ਸਾਰੀ ਦੀ ਸਾਰੀ ਸੁਣ ਲਈ ਔਰ ਲਾਗਤਬਾਜ਼ੀ ਨਾਲ ਪਿੰਡ ਵਿਚ ਡੌਂਡੀ ਪਿਟਵਾ ਦਿਤੀ ਕਿ ਕਲ੍ਹ ਨੂੰ ਸਭਦਾ ਭੋਜਨ ਕਬੀਰ ਸਾਹਿਬ ਦੇ ਗ੍ਰਹਿ ਵਿਖੇ ਹੈ। ਸੋ ਸਭ ਉਥੇ ਪਹੁੰਚੋ। ਕਬੀਰ ਸਾਹਿਬ ਨੇ ਸੋਚਿਆ ਕਿ ਮੇਰੀ ਤਾਂ ਹੁਣ ਬਹੁਤ ਬਦਨਾਮੀ ਹੋਵੇਗੀ ਕਿਉਂਕਿ ਬਰਾਤ ਘਰ ਆ ਜਾਣੀ ਹੈ, ਪੈਸਾ ਕੋਈ ਪਲੇ ਨਹੀਂ। ਸੋ ਹੁਣ ਕਿਸ ਤਰ੍ਹਾਂ ਕੀਤਾ ਜਾਵੇ? ਇਹਨਾਂ ਸੋਚਾਂ ’ਚ ਡੁਬੇ ਹੋਏ ਕਬੀਰ ਸਾਹਿਬ ਬਾਹਰ ਕਿਤੇ ਜਾ ਕੇ ਲੁਕ ਗਏ। ਉਧਰ ਆਪਣੇ ਭਗਤ ਦੀ ਲਾਜ ਦੀ ਖਾਤਰ ਬ੍ਰਹਮਾ, ਵਿਸ਼ਨੂੰ, ਮਹੇਸ਼ ਆ ਕੇ ਕਬੀਰ ਸਾਹਿਬ ਦੀ ਲੜਕੀ ਦੇ ਸਾਰੇ ਕਾਰਜ ਖੁਦ ਆਪ ਸਵਾਰ ਗਏ। ਜਿਥੇ ਕਬੀਰ ਸਾਹਿਬ ਲੁਕੇ ਹੋਏ ਸਨ ਕੋਲੋਂ ਦੀ ਲੋਕ ਧੰਨ ਕਬੀਰ ਧੰਨ ਕਬੀਰ ਆਖਦੇ ਹੋਏ ਲੰਘ ਰਹੇ ਸਨ। ਕਬੀਰ ਸਾਹਿਬ ਨੇ ਜਦ ਇਹ ਸੁਣਿਆ ਤਾਂ ਉਹ ਸੋਚਣ ਲਗੇ ਕਿ ਇਹ ਕੀ ਚੱਕਰ ਹੈ? ਉਹ ਜਦੋਂ ਉਥੋਂ ਨਿਕਲ ਕੇ ਘਰ ਪਰਤੇ ਤਾਂ ਅਗੇ ਉਹ ਤਿੰਨੇ ਬ੍ਰਹਮਾ, ਵਿਸ਼ਨੂੰ, ਮਹੇਸ਼ ਬੈਠੇ ਹੋਏ ਸਨ। ਕਬੀਰ ਸਾਹਿਬ ਉਹਨਾਂ ਦੇ ਪੈਰੀਂ ਪੈ ਗਏ ਅਤੇ ਕਹਿਣ ਲਗੇ ਕਿ “ਤੁਸੀਂ ਮੇਰੀ ਲਾਜ ਰਖੀ ਹੈ। ਮੈਨੂੰ ਪਹਿਲੋਂ ਇਹ ਦੱਸੋ ਕਿ ਤੁਸੀਂ ਕੌਣ ਹੋ?”

ਉਹਨਾਂ ਅਗੋਂ ਜਵਾਬ ਦਿਤਾ ਕਿ “ਅਸੀਂ ਰੱਬ ਦੇ ਬੰਦੇ ਹਾਂ ਅਤੇ ਭਗਤਾ ਤੇਰੇ ਪਿਆਰੇ ਹਾਂ।” ਜਦੋਂ ਕਬੀਰ ਸਾਹਿਬ ਨੇ ਸੁਰਤ ਸ਼ਬਦ ਰਾਹੀਂ ਅੰਤਰ ਧਿਆਨ ਹੋ ਕੇ ਦੇਖਿਆ ਤਾਂ ਉਹਨਾਂ ਨੂੰ ਪਤਾ ਲਗਾ ਕਿ ਇਹ ਤਾਂ ਬ੍ਰਹਮਾ, ਵਿਸ਼ਨੂੰ, ਮਹੇਸ਼ ਹਨ। ਸੋ ਇਸ ਤਰ੍ਹਾਂ ਉਸਦੀ ਰਹਿਮਤ ਨੂੰ ਦੁਨੀਆਂ ਅੰਦਰ ਪ੍ਰਤੱਖ ਕਰਦੇ ਹੋਏ ਕਬੀਰ ਸਾਹਿਬ ਨੇ ਆਪਣੀ ਰੱਬ ਦੀ ਡਿਊਟੀ ਮੁਤਾਬਕ ਸਾਡੇ ਲੋਕਾਂ ਲਈ ਪ੍ਰਮਾਤਮਾ ਅਗੇ ਚਰਨ ਬੰਦਨਾਂ ਕੀਤੀ ਕਿ “ਹੇ ਰਾਮਾ! ਤੂੰ ਮੇਰੇ ਕਾਰਜ ਅੰਦਰ ਤਾਂ ਆਪ ਆ ਕੇ ਸਹਾਈ ਹੋਇਆ ਹੈਂ ਔਰ ਮੇਰੀ ਦੁਨੀਆਂ ਅੰਦਰ ਲਾਜ ਰਖੀ ਹੈ, ਪਰ ਤੇਰੀ ਗਰੀਬ ਖਲਕਤ ਅੰਦਰ, ਜਿਨ੍ਹਾਂ ਲੋਕਾਂ ਤੇ ਐਸਾ ਸਮਾਂ ਜਦੋਂ ਆਵੇ ਤਾਂ ਉਹ ਕੀ ਕਰਨਗੇ? ਭਾਵ ਉਹਨਾਂ ਦੇ ਕਾਰਜ ਵਿਚ ਕੌਣ ਆ ਕੇ ਖਲੋਵੇਗਾ?” ਅਗੋਂ ਪ੍ਰਮਾਤਮਾ ਨੇ ਕਿਹਾ ਕਿ “ਜਾਉ! ਜਿਸ ਘਰ ਵਿਚ ਵੀ ਲੜਕੀ ਦੀ ਸ਼ਾਦੀ ਹੋਵੇਗੀ ਉਸ ਸਵਾਰਥ ਤੇ ਭਾਵ ਮੌਕੇ ਤੇ ਮੇਰਾ ਅਠ ਪਹਿਰ ਭਾਵ 24 ਘੰਟੇ ਪਹਿਲਾਂ ਹੀ ਉਥੇ ਵਾਸਾ ਹੋਇਆ ਕਰੇਗਾ। ਜੋ ਮੇਰੇ ਤੇ ਪੂਰਨਵਿਸ਼ਵਾਸ ਕਰਕੇ ਇਸ ਕਾਰਜ ਨੂੰ ਸ਼ੁਰੂ ਕਰਿਆ ਕਰਨਗੇ ਮੈਂ ਉਹਨਾਂ ਦੀ ਹਰ ਲਾਜ ਦੇ ਪੜਦੇ ਢਕਾਂਗਾ।” ਸੋ ਕਬੀਰ ਸਾਹਿਬ ਦੁਆਰਾ ਪ੍ਰਮਾਤਮਾ ਪਾਸੋਂ ਮੰਗੇ ਗਏ ਵਰਦਾਨ ਦਾ ਪ੍ਰਤੱਖ ਸਰੂਪ ਅੱਜ ਵੀ ਸਾਡੇ ਵੇਖਣ ਅੰਦਰ ਆਉਂਦਾ ਹੈ। ਜੋ ਲੋਕ ਉਹਦੇ ਅਸੂਲਾਂ ਮੁਤਾਬਕ ਉਸਨੂੰ ਇਸ ਅਵਸਰ ਤੇ ਪੁਕਾਰਦੇ ਹਨ। ਜਿਸ ਤਰ੍ਹਾਂ ਕਿ ਤੁਸੀਂ ਆਪਣੇ ਪਿਛੋਕੜ ਦੇ ਨਿਜੀ ਤਜਰਬਿਆਂ ਵਲ ਹੀ ਝਾਤੀ ਮਾਰ ਕੇ ਦੇਖ ਲਉ ਕਿ ਜਦੋਂ ਤੁਹਾਡੇ ਘਰਾਂ ਅੰਦਰ ਕਿਤੇ ਇਹ ਕਾਰਜ ਹੋਇਆ ਕਰਦਾ ਸੀ ਤਾਂ ਤੁਹਾਨੂੰ ਕੁਝ ਵੀ ਪਤਾ ਨਹੀਂ ਸੀ ਹੁੰਦਾ। ਤੁਸੀਂ ਕਿਸ ਤਰ੍ਹਾਂ ਆਪਣੀ ਬੇਵਸੀ ਕਾਰਨ ਆਪਸ ਵਿਚ ਲੜਦੇ, ਝਗੜਦੇ ਜਾਂ ਕਲਪਦੇ ਹੁੰਦੇ ਸੀ? ਪਰ ਵਕਤ ਤੇ ਤੁਹਾਡੇ ਉਹ ਉਹ ਸਾਥੀ ਵੀ ਸਾਥ ਦੇ ਜਾਂਦੇ ਹੁੰਦੇ ਸਨ ਜਿਹਨਾਂ ਤੇ ਤੁਹਾਨੂੰ ਕਦੇ ਉਮੀਦ ਤਕ ਵੀ ਨਹੀਂ ਸੀ ਹੁੰਦੀ। ਇਸਦਾ ਕਾਰਨ ਕੋਈ ਤੁਹਾਡੀ ਸਿਆਣਪ ਜਾਂ ਚਤੁਰਾਈ ਨਹੀਂ ਸੀ ਹੁੰਦੀ, ਬਲਕਿ ਰੱਬ ਦੀ ਰਹਿਮਤ ਹੁੰਦੀ ਸੀ, ਕਿ ਉਹ ਹਰ ਇਕ ਦੇ ਦਿਲ ਅੰਦਰ ਵੱਸ ਗਿਆ ਹੁੰਦਾ ਸੀ। ਜਿਸ ਤਰ੍ਹਾਂ ਕਿ ਇੰਡੀਆ ਅੰਦਰ ਕਿਸੇ ਵੀ ਪਿੰਡ ਵਿਚ ਕਿਸੇ ਧੀ ਭੈਣ ਦੀ ਸ਼ਾਦੀ ਹੋਣੀ ਹੁੰਦੀ ਸੀ ਤਾਂ ਭਾਵੇਂ ਉਹ ਅਮੀਰ ਹੁੰਦਾ ਸੀ ਭਾਵੇਂ ਗਰੀਬ ਹੁੰਦਾ ਸੀ। ਸਭ ਆਪਸ ਵਿਚ ਇਕ ਦੂਸਰੇ ਦੀ ਧੀ ਨੂੰ ਆਪਣੀ ਧੀ ਸਮਝਕੇ ਉਸ ਸਵਾਰਥ (ਕਾਰਜ) ਤੇ ਆਪਣੇ ਤਨ, ਮਨ, ਧਨ ਦੀ ਸਾਂਝ ਪੈਦਾ ਕਰਦੇ ਸਨ। ਪਰ ਇਹ ਸੱਚਾਈ (ਅਸਲੀਅਤ) ਦਾ ਅਜ ਕੋਈ ਵੀ ਅਹਿਸਾਸ ਨਹੀਂ ਕਰਦਾ। ਹਰ ਅਮੀਰ ਆਦਮੀ ਇਸ ਸਹਿਯੋਗ ਨੂੰ ਆਪਣੀ ਦੌਲਤ ਦਾ ਪਰਛਾਵਾਂ ਸਮਝਦਾ ਹੈ, ਔਰ ਹਰ ਗਰੀਬ ਆਦਮੀ ਸਮਾਜ ਦੀ ਟਹਿਲ, ਭਾਵ ਸੇਵਾਦਾਰੀ ਦਾ ਵਾਪਸੀ ਅਵਜਾਨਾ ਸਮਝਦਾ ਹੈ ਨਾ ਕਿ ਇਹ ਅਹਿਸਾਸ ਕਰਦਾ ਹੈ ਕਿ ਉਸਦੇ ਇਸ ਕਾਰਜ ਅੰਦਰ ਰੱਬ ਨੇ ਹਰੇਕ ਦਿਲ ਦੇ ਅੰਦਰ ਵੱਸਕੇ ਕੰਮ ਕੀਤਾ ਹੈ। ਸੋ ਅੱਜ ਸਾਡੇ ਸਭਨਾਂ ਦੇ ਐਸੇ ਸੌੜੇ ਵਿਚਾਰਾਂ ਨੇ ਸਮਾਜ ਦੀ ਨੁਹਾਰ ਹੀ ਬਦਲ ਦਿਤੀ ਹੈ। ਮਤਲਬ ਕਿ ਅੱਜ ਹਰ ਇਨਸਾਨ ਦੇ ਸਿਰ ਤੇ ਆਪਣੀ ਹੈਸੀਅਤ ਦਾ ਭੂਤ ਸਵਾਰ ਹੋਇਆ ਬੈਠਾ ਹੈ। ਜਿਹੜਾ ਕਿ ਸਾਡੇ ਸਭਨਾਂ ਲਈ ਇਕ ਕਲੰਕ ਬਣ ਗਿਆ। ਇਥੋਂ ਤਕ ਕਿ ਸਾਡੀ ਸਦੀਆਂ ਪੁਰਾਣੀ ਪਰੰਪਰਾ ਕੰਨਿਆ ਦਾਨ ਨੇ ਇਕ ਵਪਾਰ ਦਾ ਰੂਪ ਧਾਰਨ ਕਰ ਲਿਆ ਹੈ। ਘਰ ਘਰ ਸਾਡੀਆਂ ਧੀਆਂ ਭੈਣਾਂ ਨੂੰ ਦਾਜ ਦੀ ਬਲੀ ਚੜ੍ਹਨਾ ਪੈ ਰਿਹਾ ਹੈ। ਇਨਸਾਨੀ ਪਿਆਰ ਦੀ ਜਗ੍ਹਾ ਪੈਸੇ ਦੇ ਪਿਆਰ ਨੇ ਲੈ ਲਈ ਹੈ। ਜੋ ਪਹਿਲੇ ਲੜਕੇ ਦੀ ਸ਼ਾਦੀ ਤੇ ਬਾਰਾਤ ਨਾਲ ਆਇਆ ਕਰਦੀ ਸੀ ਉਹ ਉਸਦੀ ਇਜੱਤ ਦੀ ਭਾਈਵਾਲ ਦਾ ਸਬੂਤ ਦੇਣ ਆਉਂਦੀ ਸੀ ਪਰ ਅਜ ਉਹੋ ਹੀ ਅਗਲੇ ਦੀ ਮਿੱਟੀ ਪੁਟਣ ਦਾ ਸਬੂਤ ਪੇਸ਼ ਕਰਦੀ ਹੈ। ਇਥੋਂ ਤਕ ਕਿ ਕਈ ਲੋਕ ਤਾਂ ਐਸੇ ਵਕਤ ਦੀਆਂ ਮਜਬੂਰੀਆਂ ਨੂੰ ਬਦਲੇ ਦੀ ਭਾਵਨਾ ਦੇ ਰੰਜਸ਼ ਕਢਣ ਲਈ ਵਰਤਦੇ ਹਨ। ਸਭ ਲੋਕ ਇਸ ਸਮੇਂ ਉਤੇ ਰੱਬ ਅਗੇ ਮਿੰਨਤ ਕਰਨ ਦੀ ਜਗ੍ਹਾ ਯਾਰਾਂ, ਦੋਸਤਾਂ, ਰਿਸ਼ਤੇਦਾਰਾਂ ਅਗੇ ਝੋਲੀਆਂ ਵਿਛਾਈ

ਬਾਕੀ ਦੇਖੋ ਸਫਾ 8

# ਜਾਗ੍ਰਿਤੀ



ਸ਼ਾਂਤੀ ਦੇ ਪੁਜਾਰੀ ਅਤੇ ਦੇਸ਼ ਭਗਤੀ ਦੇ ਪੁੰਜ ਮਹਾਰਾਜ ਦਰਸ਼ਨ ਦਾਸ ਜੀ ਦਾ ਵਿਸ਼ਾਲ ਨਿਰੋਲ ਰੂਹਾਨੀ ਸਤਿਸੰਗ ਸਚਖੰਡ ਨਾਨਕ ਧਾਮ ਇੰਟਰਨੈਸ਼ਨਲ ਦੁਆਰਾ ਲੰਡਨ ਰੋਡ, ਕਰਾਇਡਨ ਵਿਖੇ "ਓਸ਼ਵਾਲ ਮਹਾਜਨ ਵਾੜੀ ਹਾਲ" ਅੰਦਰ 20 ਸਤੰਬਰ ਦਿਨ ਐਤਵਾਰ ਨੂੰ ਬੜੀ ਹੀ ਸ਼ਰਧਾ ਤੇ ਪ੍ਰੇਮ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਕਾਫੀ ਤਾਦਾਦ ਵਿਚ ਸੱਚਾਈ ਅਤੇ ਇਨਸਾਨੀਅਤ ਦੇ ਪ੍ਰਵਾਨਿਆਂ ਨੇ ਮਹਾਰਾਜ ਦਰਸ਼ਨ ਦਾਸ ਜੀ ਦੇ ਰੱਬੀ ਪ੍ਰਵਚਨ ਰੂਪੀ ਸ਼ਮਾਂ ਦਾ ਅਨੰਦ ਮਾਨਣ ਲਈ ਹਾਜ਼ਰੀ ਭਰੀ ਜੋ ਕਿ ਇਸ ਪੈਸੇ ਦੀ ਦੌੜ ਵਾਲੇ ਦੇਸ਼ ਅੰਦਰ ਇਕ ਰੱਬੀ ਭਰਮਾਰ ਦਾ ਸਬੂਤ ਹੈ। ਪ੍ਰੋਗਰਾਮ ਬਾਅਦ ਦੁਪਹਿਰ ਤਕਰੀਬਨ ਤਿੰਨ ਵਜੇ ਅਰਜੋਈ ਨਿਰਾਧਾਰ ਦੁਆਰਾ ਅਰੰਭ ਕੀਤਾ ਗਿਆ। ਹੌਲੀ ਹੌਲੀ ਸੰਗਤਾਂ ਮਹਾਰਾਜ ਜੀ ਦੇ ਰੂਹਾਨੀ ਪ੍ਰਵਚਨ ਸੁਣਣ ਦੀ ਉਡੀਕ ਵਿਚ ਇਕਠੀਆਂ ਹੋਣ ਲਗੀਆਂ। ਤਕਰੀਬਨ ਚਾਰ ਵਜੇ ਸਚਖੰਡ ਨਾਨਕ ਧਾਮ ਦੇ ਹਜ਼ੂਰੀ ਰਾਗੀ ਦਾਸ ਜੋਗਾ ਸਿੰਘ ਜੀ, ਦਾਸ ਹਰਬੰਸ ਕੋਮਲ ਜੀ ਦੁਆਰਾ ਮਹਾਰਾਜ ਦਰਸ਼ਨ ਦਾਸ ਜੀ ਦੀ ਰੱਬੀ ਇਲਾਹੀ ਬਾਣੀ ਯਸ਼ਵੰਤੀ ਨਿਰਾਧਾਰ ਦਾ ਨਿਰਬਾਣ ਕੀਰਤਨ ਕੀਤਾ ਗਿਆ। ਜਿਸ ਰਾਹੀਂ ਸੰਗਤਾਂ ਨੇ ਆਤਮਕ ਆਨੰਦ ਮਾਣਿਆ। ਕੀਰਤਨ ਤੋਂ ਉਪਰੰਤ ਮਹਾਰਾਜ ਜੀ ਨੇ ਸਤਿਸੰਗ ਕੀਤਾ, ਜਿਸ ਅੰਦਰ ਉਹਨਾਂ ਜੀਵ ਨੂੰ ਉਸ ਸੱਚਾਈ ਬਾਰੇ ਜਾਣੂੰ ਕਰਵਾਇਆ, ਜਿਸ ਨੂੰ ਉਹ ਆਪਣੀਆਂ ਆਰਜੀ ਜ਼ਰੂਰਤਾਂ ਦੀ ਖਾਤਰ ਵਿਸਾਰ ਚੁਕਾ ਹੈ। ਜੋ ਇਸ ਪ੍ਰਕਾਰ ਹੈ:—

● ਤੁਹਾਡੇ ਜੀਵਨ ਕਾਲ ਅੰਦਰ ਜਿੰਨੀਆਂ ਵੀ ਮੁਸ਼ਕਿਲਾਂ ਜਾਂ ਰੁਕਾਵਟਾਂ ਪੈਦਾ ਹੁੰਦੀਆਂ ਹਨ, ਉਸ ਦਾ ਕਾਰਨ ਰੱਬ ਨਹੀਂ, ਬਲਕਿ ਤੁਹਾਡਾ ਮਨ ਹੈ। ਅਗਰ ਤੁਸੀਂ ਇਹਨਾਂ ਰੁਕਾਵਟਾਂ ਜਾਂ ਮੁਸ਼ਕਿਲਾਂ ਦਾ ਹੱਲ ਚਾਹੁੰਦੇ ਹੋ ਤਾਂ ਆਪਣੇ ਮਨ ਨੂੰ ਕਿਸੇ ਪੂਰਨ ਦੇ ਹਵਾਲੇ ਕਰ ਦਿਉ, ਜਿਸ ਨਾਲ ਤੁਹਾਡੇ ਮਨ ਦੇ ਜਿੰਨੇ ਵੀ ਮਤਿਅੰਤਰ ਹਨ, ਭਾਵ ਮਤ ਹਨ, ਜਾਂ ਜਿੰਨੇ ਵੀ ਤੁਹਾਡੀ ਮੋਹ ਮਮਤਾ ਦੇ ਬਾਹਰੀ ਢਾਂਚੇ ਹਨ, ਉਹਨਾਂ ਵਿਚੋਂ ਤੁਹਾਨੂੰ ਸਹਿਜੇ ਹੀ ਆਜ਼ਾਦੀ ਹਾਸਲ ਹੋ ਜਾਵੇਗੀ। ਕਿਉਂਕਿ ਪ੍ਰਮਾਤਮਾ ਨੂੰ ਪਾਵਣ ਵਾਸਤੇ ਤੁਹਾਨੂੰ ਕਿਸੇ ਵੀ ਰੀਤੀ, ਰਸਮੋ-ਰਿਵਾਜ ਨੂੰ ਛਡਣ ਦੀ ਜ਼ਰੂਰਤ ਨਹੀਂ, ਬਲਕਿ ਉਹਨਾਂ ਵਿਚ ਵਿਚਰਦੇ ਹੋਏ ਵੀ ਤੁਸੀਂ ਪ੍ਰਮਾਤਮਾ ਨੂੰ ਸਹਿਜ ਸੁਭਾਅ ਹੀ ਹਾਸਲ ਕਰ ਸਕਦੇ ਹੋ। ਜਿਸ ਤਰ੍ਹਾਂ ਕਿ ਅਜ ਤਕ ਜਿੰਨੇ ਵੀ ਮਹਾਂਪੁਰਖ ਹੋਏ ਹਨ, ਉਹਨਾਂ ਨੇ ਇਹਨਾਂ ਸਮਾਜੀ ਰੀਤੀ, ਰਸਮੋਂ ਰਿਵਾਜਾਂ ਦੀ ਪੂਰਤੀ ਕਰਦਿਆਂ ਹੋਇਆਂ ਮਨੁੱਖਤਾ ਦੀ ਅਸਲ ਪਹਿਚਾਣ ਦਾ ਸਾਨੂੰ ਸਬੂਤ ਦਿਤਾ। ਸਾਨੂੰ ਉਹਨਾਂ ਆਪਣੇ ਸੱਚ ਦਾ ਮਾਰਗ ਦਰਸਾਇਆ ਨਾਂ ਕਿ ਰੱਬ ਦੇ ਦਰਸ਼ਨ ਕਰਾਏ, ਜਿਸ ਦੇ ਮਗਰ ਜੱਗੀ ਲੋਕ ਦਿਨ ਪਏ ਰਾਤ ਭੱਜ ਦੌੜ ਕਰਦੇ ਰਹਿੰਦੇ ਹਨ। ਜਿਸ ਤਰ੍ਹਾਂ ਅਸੀਂ ਸਾਰੇ ਲੋਕ ਬਾਹਰੀ ਤੌਰ ਤੇ ਮਨ ਦੇ ਦਾਇਰਿਆਂ ਦੇ ਥਲੇ, ਮਜਹਬੀ ਧੜਿਆਂ ਤੇ ਮਤਾਂ-ਮਤਿਅੰਤਰਾਂ ਵਿਚ ਫਸ ਚੁਕੇ ਹਾਂ। ਅਗਰ ਉਹੋ ਹੀ ਅਸੀਂ ਪ੍ਰਮਾਤਮਾ ਦੇ ਨਾਲ ਆਪਣੀ ਸਹਿਮਤੀ ਪੈਦਾ ਕਰ ਲਈਏ ਤਾਂ ਉਹ ਸਾਡੀਆਂ ਸਭ ਮੁਸ਼ਕਿਲਾਂ ਜਾਂ ਰੁਕਾਵਟਾਂ ਦਾ ਹੱਲ ਦੇ ਕੇ ਸਾਨੂੰ ਸੁਖ, ਸ਼ਾਂਤੀ ਸਾਂਝ, ਸੇਵਾ, ਸ਼ਿਮਰਨ ਦਾ ਮੌਕਾ ਅਵੱਸ਼ ਦੇਵੇਗਾ।

● ਜੇਕਰ ਆਪਣੇ ਜੀਵਨ ਅੰਦਰ ਮੌਤ ਨੂੰ ਹਰ ਵਕਤ ਆਪਣੀਆਂ ਅੱਖਾਂ ਸਾਹਮਣੇ ਰਖੋਗੇ ਤਾਂ ਤੁਹਾਡਾ ਹਰ ਕਦਮ ਉਚਾ ਔਰ ਨੇਕ ਹੋਵੇਗਾ। ਪਰ ਤੁਸੀਂ ਲੋਕ ਆਪਣੀਆਂ ਜੱਗੀ ਲੋੜਾਂ, ਸੁੱਖਾਂ ਅਤੇ ਬਾਹਰੀ ਦਿਖਾਵਿਆਂ ਦੀ ਖਾਤਰ ਭਟਕਦੇ ਫਿਰਦੇ ਹੋ, ਜਿਨ੍ਹਾਂ ਦੇ ਰਾਹੀਂ ਤੁਸੀਂ ਉਲਝ ਕੇ ਮੌਤ ਨੂੰ ਵਿਸਾਰ ਦਿੰਦੇ ਹੋ।

● ਸੰਤ ਸਾਡੀ ਆਤਮਾ ਦੇ ਟੁਟੇ ਹੋਏ ਤਲੋਕਾਤਾਂ ਨੂੰ ਉਸ ਸਚੀ ਤਾਕਤ ਨਾਲ ਜੋੜਨ ਦੇ ਸਾਧਨ ਬਿਆਨ ਕਰਦੇ ਹਨ।

.. ਉਹ ਸਾਧਨ ਹੈ - ਕੇਵਲ ਇਕ ਨਾਮ। ਸੰਤ, ਪ੍ਰਮਾਤਮਾ ਪ੍ਰਤੀ ਸਾਡੀ ਸਚੀ ਸੋਚ ਅਤੇ ਸੱਚਾਈ ਦੀ ਤਾਂਘ ਨੂੰ ਪੈਦਾ ਕਰਦੇ ਹਨ ਔਰ ਜਿਹੜੇ ਉਹ ਖੁਦ ਦੁਨੀਆਂ ਅੰਦਰ ਕਰਮ ਕਮਾਉਂਦੇ ਹਨ ਉਹਨਾਂ ਰਾਹੀਂ ਵੀ ਸਾਨੂੰ ਜਾਗ੍ਰਿਤੀ ਮਿਲਦੀ ਹੈ।

● ਸੌ ਗੁਨਾਹਾਂ ਨੂੰ ਇਕ ਚੰਗਾ ਕਰਮ ਢੱਕ ਲੈਂਦਾ ਹੈ ਔਰ ਸੌ ਚੰਗੇ ਕੰਮਾਂ ਦਾ ਪੜਦਾ ਇਕ ਗੁਨਾਹ ਚੁੱਕ ਦਿੰਦਾ ਹੈ।

● ਪ੍ਰਮਾਤਮਾ ਕੋਲੋਂ ਉਹ ਦਾਤ ਮੰਗੋ, ਜਿਹੜੀ ਤੁਹਾਡੇ ਹਰ ਦੁੱਖ ਨੂੰ ਦੁਆ ਵਿਚ ਬਦਲ ਦੇਵੇ। ਜਿਸ ਤਰ੍ਹਾਂ ਕਿ: ਪ੍ਰਮਾਤਮਾ ਦਾ ਸਬੰਧ ਤੁਹਾਡੇ ਬਾਹਰੀ ਮਜ਼੍ਹਬਾਂ ਕੌਮਾਂ, ਜਾਤਾਂ-ਪਾਤਾਂ ਦੇ ਭੇਦ ਭਾਵਾਂ ਨਾਲ ਨਹੀਂ, ਉਹਦਾ ਤਾਂ ਸਬੰਧ ਸਿਰਫ ਇਕ ਸੱਚੇ ਨਾਮ ਨਾਲ ਹੈ। ਜਿਸ ਰਾਹੀਂ ਉਸਦੀ ਸਾਰੀ ਕਾਇਨਾਤ ਦੀ ਸਾਂਝ ਪੈਦਾ ਹੁੰਦੀ ਹੈ।

● ਹਿੰਦੂ, ਮੁਸਲਿਮ, ਸਿੱਖ, ਈਸਾਈ, ਚਾਰ ਪੱਦ ਹਨ। ਚਾਰ ਸਰੂਪ ਹਨ। ਜੋ ਕਿ ਕੇਵਲ ਇਕ ਮਨੁੱਖਤਾ ਦੀ ਮਹਾਨਤਾ ਦੇ ਹਨ। ਅੱਲਾ, ਈਸ਼ਵਰ, ਵਾਹਿਗੁਰੂ, ਰਾਮ ਨਾਮ ਤੁਸੀਂ ਜੋ ਜਪਦੇ ਹੋ, ਉਹ ਤੁਹਾਡੇ ਸਭਨਾਂ ਦੇ ਸਾਂਝੇ ਸਿਫਤ ਵਾਲੇ, ਸੇਵਾ ਸਿਮਰਨ ਦੇ ਸਮਾਨ ਭਾਵ ਜ਼ਰੀਹੇ ਹਨ। ਸੋ ਜੇ ਅਸੀਂ ਆਪਣੀਆਂ ਮਾੜੀਆਂ ਸੋਚਾਂ ਰਾਹੀਂ ਮਨੁੱਖਤਾ ਦੀ ਮਹਾਨਤਾ, ਇਨਸਾਨੀਅਤ ਨੂੰ ਹੀ ਭੁਲ ਬੈਠੇ ਹਾਂ ਤਾਂ ਫਿਰ ਅਸੀਂ ਭਾਵੇਂ ਕਿਸੇ ਵੀ ਬਾਣੇ ਨੂੰ ਪਾ ਕੇ ਬਾਣੀ ਪੜ੍ਹੀਏ, ਪੂਜਾ ਕਰੀਏ, ਉਸਦੀ ਖਾਤਰ ਸਾਨੂੰ ਹਰਗਿਜ਼ ਵੀ ਉਸਦਾ ਪਿਆਰ ਨਹੀਂ ਮਿਲਣਾ। ਪਰ ਕਿਤੇ ਅਸੀਂ ਉਹੋ ਹੀ ਪ੍ਰਮਾਤਮਾ ਪ੍ਰਤੀ ਆਪਣੇ ਮਨਾਂ ਅੰਦਰ ਉਹਦਾ ਪ੍ਰੇਮ ਪੈਦਾ ਕਰ ਲਈਏ ਤਾਂ ਫਿਰ ਸਾਨੂੰ ਪਾਠ, ਪੁੰਨ, ਪੂਜਾ ਦੀ ਵੀ ਕੋਈ ਲੋੜ ਨਹੀਂ ਰਹਿਣੀ ਔਰ ਉਹ ਪ੍ਰਮਾਤਮਾ ਦੇ ਪ੍ਰੇਮ ਪ੍ਰਤੀ ਜਾਣਕਾਰੀ ਤੁਹਾਨੂੰ ਕੇਵਲ ਨਾਮ ਤੋਂ ਹੀ ਹਾਸਲ ਹੋ ਸਕਦੀ ਹੈ, ਜਿਹੜਾ ਕਿਸੇ ਨਾਮੀ ਪੁਰਖ ਦੀ ਸ਼ਰਨ ਤੋਂ ਬਿਨਾਂ ਕਦੇ ਵੀ ਪ੍ਰਾਪਤ ਨਹੀਂ ਹੋ ਸਕਦਾ।

.. ਜੇ ਤੁਸੀਂ ਸੱਚ ਨੂੰ ਜਾਨਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਹਿਰਦੇ ਵਿਚੋਂ ਹੀ ਲੱਭ ਸਕਦਾ ਹੈ। ਪਰ ਜੇ ਤੁਸੀਂ ਉਹੋ ਸੱਚ ਕਿਸੇ ਪਾਸੋਂ ਪੁਛੋ ਤਾਂ ਤੁਹਾਨੂੰ ਕਦੇ ਵੀ ਪਤਾ ਨਹੀਂ ਲਗੇਗਾ। ਅਗਰ ਤੁਸੀਂ ਆਪਣੇ ਆਪ ਨੂੰ ਉਚਾ ਲਿਜਾਣਾ ਚਾਹੁੰਦੇ ਹੋ ਤਾਂ ਆਪਣੇ ਆਪਨੂੰ ਨਾਮ ਅੰਦਰ ਢਾਲੋ। ਫਿਰ ਤੁਹਾਨੂੰ ਆਪਣੇ ਆਪ ਹੀ ਉਹ ਸੱਚੀ ਆਵਾਜ਼ ਤੁਹਾਡੇ ਅੰਦਰੋਂ ਇਕ ਜਾਗ੍ਰਿਤੀ ਦੇ ਰੂਪ ਵਿਚ ਪੈਦਾ ਹੋ ਜਾਵੇਗੀ ਕਿ ਸੱਚੀ ਚੀਜ਼ ਕੀ ਹੈ, ਤੁਸੀਂ ਕੀ ਚਾਹੁੰਦੇ ਹੋ, ਜਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ਸੰਪਾਦਕੀ ਬੋਰਡ

# ਸ਼ਾਦੀ ਜਾਂ ਬਰਬਾਦੀ!

ਫਿਰਦੇ ਹਨ। ਉਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਗਲਾ ਉਸਦੀ ਮਜਬੂਰੀ ਦਾ ਨਾਜਾਇਜ਼ ਫਾਇਦਾ ਉਠਾਉਂਦਾ ਹੋਇਆ ਸਦਾ ਵਾਸਤੇ ਉਸਨੂੰ ਦਬਾਈ ਰਖਦਾ ਹੈ ਭਾਵ ਉਹਦੀਆਂ ਸਾਰੀਆਂ ਸਧਰਾਂ, ਉਮੀਦਾਂ ਇਸ ਮੌਕੇ ਦੀ ਖਾਤਰ ਖਰੀਦ ਲੈਂਦਾ ਹੈ। ਦਾਜ ਪ੍ਰਥਾ ਨੇ ਅਜ ਸਮਾਜ ਨੂੰ ਉਸ ਬਰਬਾਦੀ ਦੇ ਰਾਹ ਤੇ ਖੜਾ ਕਰ ਦਿਤਾ ਹੈ ਕਿ ਕਈ ਗਰੀਬ ਲੋਕ ਸਮਾਜੀ ਜ਼ਰੂਰਤਾਂ ਮੁਤਾਬਕ ਵਿਆਹ ਕਰਕੇ ਸਾਰੀ ਉਮਰ ਕਰਜੇ ਹੀ ਉਤਾਰਦੇ ਰਹਿੰਦੇ ਹਨ। ਲੇਕਿਨ ਫਿਰ ਵੀ ਕਈ ਪੈਸੇ ਦੇ ਵਪਾਰੀ ਲੋਕ ਨੂੰਹਾਂ ਦੇ ਰੂਪ ਵਿਚ ਉਹਨਾਂ ਧੀਆਂ ਭੈਣਾਂ ਦੀ ਉਹ ਦੁਰਦਸ਼ਾਂ ਕਰਦੇ ਹਨ ਕਿ ਉਨ੍ਹਾਂ ਮਾਪਿਆਂ ਦਾ ਇਖਲਾਕੀ ਤੌਰ ਤੇ ਜੀਉਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਵਿਗੜੇ ਹੋਏ ਸਮਾਜਿਕ ਢਾਂਚੇ ਦੀ ਸਾਰੀ ਜ਼ਿੰਮੇਂਵਾਰੀ ਸਾਡੇ ਸਮਾਜ ਦੇ ਠੇਕੇਦਾਰਾਂ ਦੇ ਸਿਰ ਜਾਂਦੀ ਹੈ। ਜਿਹਨਾਂ ਨੇ ਲੋਕਾਂ ਨੂੰ ਆਪਣੀਆਂ ਭੁੱਖਾਂ, ਹਬਸ਼ਾਂ ਖਾਤਰ ਗੁੰਮਰਾਹ ਕੀਤਾ ਹੋਇਆ ਹੈ। ਉਹਨਾਂ ਕਦੇ ਵੀ ਆਪਣੇ ਪ੍ਰਚਾਰਾਂ ਅੰਦਰ ਭਗਤ ਕਬੀਰ ਸਾਹਿਬਾਨ ਵਰਗੀਆਂ ਆਤਮਾਵਾਂ ਦੀਆਂ ਦੇਣਾਂ ਤੇ ਚਾਨਣਾ ਨਹੀਂ ਪਾਇਆ। ਬਲਕਿ ਉਹਨਾਂ ਦਾ ਹਰ ਪਰਚਾਰ ਆਪਣੀਆਂ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਤਕ ਹੀ ਸੀਮਤ ਹੁੰਦਾ ਰਿਹਾ ਹੈ। ਜਿਸ ਕਰਕੇ ਅਗਿਆਨਤਾ ਦੇ ਹਨੇਰੇ ਕਾਰਨ ਜੀਵ ਨੂੰ ਰੱਬ ਦੇ ਸਿਸਟਮ ਨਾਲ ਸਹਿਮਤ ਹੋਣਾ ਮੁਸ਼ਕਿਲ ਹੋ ਗਿਆ ਹੈ। ਸੋ ਅੱਜ ਵਕਤ ਦੀ ਪੁਕਾਰ ਮੁਤਾਬਕ ਸਾਡੇ ਇਸ ਸਮਾਜ ਨੂੰ ਕਿਸੇ ਐਸੀ ਸ਼ਖਸੀਅਤ ਦੀ ਜ਼ਰੂਰਤ ਹੈ। ਜਿਹੜੀ ਨਿਰਸਵਾਰਥ ਹੁੰਦੀ ਹੋਈ ਰਬ ਤੋਂ ਟੁਟੇ ਹੋਏ ਇਸ ਸਮਾਜ ਨੂੰ ਜੋੜੇ। ਵਕਤ ਦੀ ਨਬਜ਼ ਨੂੰ ਪਛਾਣਦਿਆਂ ਹੋਇਆਂ ਸਚਖੰਡ ਨਾਨਕ ਧਾਮ ਦੇ ਬਾਨੀ ਮਹਾਰਾਜ ਦਰਸ਼ਨ ਦਾਸ ਜੀ ਮਨੁੱਖਤਾ ਦੀ ਸਾਂਝ ਪੈਦਾ ਕਰਨ ਵਾਸਤੇ ਅਨੇਕਾਂ ਹੀ ਸਾਧਨ ਅਪਨਾ ਰਹੇ ਹਨ। ਜਿਸ ਨਾਲ ਅਸੀਂ ਆਸ਼ਾ ਪ੍ਰਗਟ ਕਰਦੇ ਹਾਂ ਕਿ ਜਿਸ ਸੱਚਾਈ ਨਾਲੋਂ ਸਾਡੀਆਂ ਬਿਰਤੀਆਂ ਟੁੱਟੀਆਂ ਹਨ, ਇਕ ਦਿਨ ਅਵਸ਼ ਆਵੇਗਾ ਕਿ ਅਸੀਂ ਉਸ ਨਾਲ ਜੁੜ ਜਾਵਾਂਗੇ। ਸੋ ਅੱਜ ਵਕਤ ਹੈ, ਮਹਾਰਾਜ ਦਰਸ਼ਨ ਦਾਸ ਜੀ ਵਰਗੀਆਂ ਮਹਾਨ ਆਤਮਾਵਾਂ ਦੀ, ਭ ਾਲ ਕਰਨ ਦਾ ਜਿਹੜੀਆਂ ਸਾਨੂੰ ਸਾਡੇ ਪਿਛੋਕੜ ਦੇ ਇਤਿਹਾਸ ਨਾਲ ਜੋੜ ਕੇ ਥਾਂ ਥਾਂ ਤੇ ਸ਼ਾਦੀਆਂ ਕਾਰਨ ਹੋ ਰਹੀਆਂ ਬਰਬਾਦੀਆਂ ਨੂੰ ਅਬਾਦੀ ਦਾ ਮਾਰਗ ਦੇ ਸਕਣ।

Published by: Sachkhand Nanak Dham International, 26 Kingston Road, Southall, Middx. 01- 571 2017
Printed by: All Trade Printers, Summer Lane, Hockley, Birmingham